# HONOUR OF CODE OF CONDUCT

## 2020-21

## GURU GOBIND SINGH COLLEGE SANGHERA (BARNALA)

**Dr. Sarbjit Singh Kular**
Principal
Guru Gobind Singh College,
Sanghera (Barnala)

# ਨਿਯਮਾਂਵਲੀ ਪੁਸਤਕ

## 2020-21

## ਗੁਰੂ ਗੋਬਿੰਦ ਸਿੰਘ ਕਾਲਜ

## ਸੰਘੇੜਾ (ਬਰਨਾਲਾ)

ਜਾਰੀ ਕਰਤਾ ਅਧਿਕਾਰੀ
ਡਾ. ਸਰਬਜੀਤ ਸਿੰਘ ਕੁਲਾਰ
ਪ੍ਰਿੰਸੀਪਲ
ਗੁਰੂ ਗੋਬਿੰਦ ਸਿੰਘ ਕਾਲਜ
ਸੰਘੇੜਾ (ਬਰਨਾਲਾ)।

ਤਸਦੀਕ ਕੀਤਾ ਜਾਂਦਾ ਹੈ ਕਿ ਇਸ ਨਿਯਮਾਂਵਲੀ

ਪੁਸਤਕ ਵਿੱਚ ਦਰਜ ਸੰਸਥਾ ਨੂੰ ਮਾਨਤਾ ਦੇਣ

ਵਾਲੇ ਅਦਾਰਿਆਂ ਪੰਜਾਬ ਸਰਕਾਰ,

ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ

ਯੂਨੀਵਰਸਿਟੀ ਗਰਾਂਟ ਕਮਿਸ਼ਨ ਵੱਲੋਂ ਜਾਰੀ

ਕੀਤੇ ਦਿਸ਼ਾ-ਨਿਰਦੇਸ਼ਾਂ ਨੂੰ ਸਨਮੁੱਖ ਰੱਖਕੇ

ਤਿਆਰ ਕੀਤੇ ਗਏ।

ਪ੍ਰਿੰਸੀਪਲ
ਗੁਰੂ ਗੋਬਿੰਦ ਸਿੰਘ ਕਾਲਜ
ਸੰਘੇੜਾ (ਬਰਨਾਲਾ)

# ਭੂਮਿਕਾ

ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ ਜਿਲ੍ਹਾ ਬਰਨਾਲਾ ਦੀਆਂ ਵਿਦਿਅਕ ਸੰਸਥਾਵਾਂ ਵਿੱਚੋਂ ਮੋਹਰੀ ਸੰਸਥਾ ਹੈ। ਸੰਸਥਾ ਦਾ ਮੁੱਢ 1969 ਈ: ਵਿੱਚ ਇਲਾਕੇ ਦੀ ਨਾਮਵਰ ਸਖਸ਼ੀਅਤ ਸ੍ਰ: ਗੁਰਦਿੱਤ ਸਿੰਘ ਦੇ ਯਤਨਾਂ ਸਦਕਾ ਬੱਝਿਆ। ਐਕਟ 1860 ਦੇ ਸ: 691 ਦੇ ਅਧੀਨ 1983-84 ਵਿੱਚ ਸੰਸਥਾ ਨੂੰ ਕੁਸ਼ਲਤਾ ਸਹਿਤ ਚਲਾਉਣ ਲਈ ਪ੍ਰਬੰਧਕ ਕਮੇਟੀ ਸਥਾਪਿਤ ਕੀਤੀ ਗਈ। ਇਸ ਨੂੰ Managing Committee of Guru Gobind Singh Collage Sanghera VPO Sanghera (Barnala) Distt. Sangrur ਅਧੀਨ ਦਰਜ ਕੀਤਾ ਗਿਆ।ਕਮੇਟੀ ਦੀ ਬਣਤਰ ਅਨੁਸਾਰ ਇਸ ਦੇ ਅਹੁਦੇਦਾਰਾਂ ਵਿੱਚ ਇੱਕ ਪ੍ਰਧਾਨ ਅਤੇ ਸਕੱਤਰ ਦੇ ਅਹੁਦੇ ਲਾਜ਼ਮੀ ਤੌਰ ਤੇ ਮੈਂਬਰਾਨ ਸਾਹਿਬਾਨ ਦੀ ਗਿਣਤੀ ਲੋੜ ਅਨੁਸਾਰ ਰੱਖੀ ਗਈ। ਸਮੇਂ ਤੇ ਸਥਿਤੀ ਦੇ ਸੰਦਰਭ ਵਿੱਚ ਮੈਨੇਜਿੰਗ ਕਮੇਟੀ ਵਿੱਚ ਔਰਤਾਂ ਦੇ ਰਾਖਵੇਂਕਰਨ ਦਾ ਨਿਯਮ ਵੀ ਲਾਗੂ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦੋ ਮੈਂਬਰ ਵੀ (ਅਹੁਦੇ ਕਾਰਨ) ਨਾਮਜਦ ਕੀਤੇ ਜਾਂਦੇ ਹਨ। ਕਮੇਟੀ ਦਾ ਮੁੱਖ ਮੰਤਵ ਇਲਾਕੇ ਵਿੱਚ ਵਿਦਿਆ ਦੇ ਪ੍ਰਸਾਰ ਦੇ ਨਾਲ ਨਾਲ ਅਣਗੌਲੇ ਵਰਗ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਆਰਥਿਕ ਮਦਦ ਦੇ ਕੇ ਉੱਪਰ ਚੁੱਕਣਾ ਵੀ ਹੈ। ਵਿਦਿਆ ਦੇ ਨਾਲ ਸਹਿਪਾਠਕ੍ਰਮਿਕ ਗਤੀਵਿਧੀਆਂ ਰਾਹੀਂ ਸੰਸਥਾ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ।

## ਕਮੇਟੀ ਦੇ ਉਦੇਸ਼:

1. ਕਮੇਟੀ ਅਧੀਨ ਕਾਰਜ ਕਰਦੇ ਕਰਮਚਾਰੀ/ਅਧਿਕਾਰੀਆਂ ਦੇ ਅਕਾਦਮਿਕ ਅਤੇ ਪੇਸ਼ਾਵਰ ਹਿੱਤਾ ਦੀ ਸੁਰੱਖਿਆ ਕਰਨਾ ਅਤੇ ਉਹਨਾਂ ਨੂੰ ਉਸਾਰੂ ਮੰਚ ਮੁਹੱਈਆਂ ਕਰਵਾਉਣਾ।
2. ਵਿਦਿਆਰਥੀ/ਕਰਮਚਾਰੀਆਂ ਲਈ ਸਮਾਜਿਕ ਸੁਰੱਖਿਆ ਨੂੰ ਲਾਗੂ ਕਰਨ ਹਿੱਤ ਨਵੇਂ ਨਿਯਮ ਤਿਆਰ ਕਰਨੇ।
3. ਅਧਿਆਪਕ ਵਰਗ ਦੇ ਸਾਹਿਤਕ ਅਤੇ ਬੋਧਿਕ ਵਿਕਾਸ ਨੂੰ ਕਾਇਮ ਰੱਖਣ ਲਈ ਕਾਰਜ ਕਰਨੇ।
4. ਸਭਿਆਚਾਰਕ ਸਰਗਰਮੀਆਂ ਨੂੰ ਉਚਿੱਤ ਮੰਚ ਮੁਹੱਈਆਂ ਕਰਵਾਉਣਾ।
5. ਸੰਸਥਾ ਨੂੰ ਆਰਥਿਕ ਸਮਾਜਿਕ ਅਤੇ ਅਕਾਦਮਿਕ ਰੂਪ ਵਿੱਚ ਮਜ਼ਬੂਤ ਕਰਨ ਲਈ ਨੀਤੀਆਂ ਦੀ ਉਸਾਰੀ ਅਤੇ ਉਸਨੂੰ ਨਵਿਆਉਣ ਲਈ ਯਤਨਸ਼ੀਲ ਹੋਣਾ।

39

ਪੰਜਾਬੀ ਯੂਨੀਵਰਸਿਟੀ ਪਟਿਆਲਾ

ਨੰ: 20417 /ਡਿ. ਐਸ(ਕਾਲਜਾਂ)ਜੀ. ਜੀ. -1,
ਮਿਤੀ 8/7/1982.

ਸੇਵਾ ਵਿਖੇ,
ਗੁਰੂ ਗੋਬਿੰਦ ਸਿੰਘ ਕਾਲਜ,
ਸੰਘੇੜਾ

ਵਿਸ਼ਾ:- ਪੱਕੀ ਮਾਨਤਾ ਦੇਣ ਬਾਰੇ।

****

ਸ੍ਰੀ ਮਾਨ/ਮਤੀ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਜੀ ਨੇ ਅਕਾਦਮਿਕ ਕੌਂਸਲ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਉਤੇ ਹੇਠ ਲਿਖੇ ਕਾਲਜਾਂ ਨੂੰ ਪੱਕੀ ਮਾਨਤਾ ਦੇ ਦਿੱਤੀ ਹੈ:-

1. ਮੁਲਤਾਨੀ ਮੱਲ ਮੋਦੀ ਡਿਗਰੀ ਕਾਲਜ, ਪਟਿਆਲਾ
2. ਸਰਕਾਰੀ ਕਾਲਜ ਡੇਰਾ ਬੱਸੀ
3. ਅਕਾਲ ਡਿਗਰੀ ਕਾਲਜ ਫਾਰ ਵਿਮੈਨ, ਸੰਗਰੂਰ
4. ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ
5. ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਧੌੜ
6. ਭਾਈ ਆਸਾ ਸਿੰਘ ਗਰਲਜ਼ ਕਾਲਜ, ਗੋਨਿਆਣਾ ਮੰਡੀ

ਆਪ ਜੀ ਦਾ ਮਿੱਤਰ,

(ਪ. ਸ. ਮਹਿਤਾ)
ਡਿਪਟੀ ਰਜਿਸਟਰਾਰ(ਕਾਲਜ)

ਵਲੋਂ

ਡਾਇਰੈਕਟਰ ਸਿਖਿਆ ਵਿਭਾਗ (ਕਾ) ਪੰਜਾਬ।

27

ਸੇਵਾ ਵਿਖੇ,

ਪ੍ਰਿੰਸੀਪਲ,
ਗੁਰੂ ਗੋਬਿੰਦ ਸਿੰਘ ਕਾਲਜ,
ਸੰਘੇੜਾ (ਸੰਗਰੂਰ)

ਮੀਮੋ ਨੰ: 13/5-79 ਕਾਲਜ-11(4)
ਮਿਤੀ ਚੰਡੀਗੜ੍ਹ: 7-10-1980

ਵਿਸ਼ਾ: 95% ਗਰਾਂਟ ਬਾਰੇ।

ਆਪ ਜੀ ਦੇ ਕਾਲਜ ਦੇ ਸਬੰਧਤ ਰਿਕਾਰਡ ਦੇ ਨਿਰੀਖਣ ਉਪਰੰਤ 95% ਗਰਾਂਟ ਦੀ ਸਕੀਮ ਅਧੀਨ ਕਾਲਜ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੀ ਨਫਰੀ ਮਿਤੀ 1.11.77 ਨੂੰ ਹੇਠ ਲਿਖੇ ਅਨੁਸਾਰ ਨਿਸਚਿਤ ਕੀਤੀ ਜਾਂਦੀ ਹੈ। ਇਸ ਨਫਰੀ ਅਨੁਸਾਰ ਆਪ ਦਾ ਕਾਲਜ 95% ਘਾਟੇ ਦੀ ਸਕੀਮ ਅਧੀਨ ਗਰਾਂਟ ਲੈਣ ਦਾ ਪਾਤਰ ਹੋਵੇਗਾ:

ਟੀਚਿੰਗ ਸਟਾਫ

| | ਪੁਰ | ਖਾਲੀ | ਜੋੜ |
|---|---|---|---|
| 1. ਪ੍ਰਿੰਸੀਪਲ 120 -190 | - | 1 | 1 |
| 2. ਲੈਕਚਰਾਰ 70 -160 | 5 | 1 | 6 |
| 3. ਡੀ.ਪੀ.ਈ 300-600 | 1 | - | 1 |
| 4. ਲਾਇਬ੍ਰੇਰੀਅਨ 300/600 | - | 1 | 1 |

ਨਾਨ ਟੀਚਿੰਗ ਸਟਾਫ

| | | | |
|---|---|---|---|
| 1. ਹੈਡ ਕਲਰਕ 20 /450 | 1 | - | 1 |
| 2. ਕਲਰੱਕ 11 250 | 1 | - | 1 |
| 3. ਸੇਵਾਦਾਰ 70/95 | 1 | - | 1 |
| 4. ਮਾਲੀ 70/95 | 1 | - | 1 |
| 5. ਲਾਇਬ੍ਰੇਰੀ ਅਟੈਂਡੈਂਟ 70/95 | 1 | - | 1 |
| 6. ਸਵੀਪਰ 70/95 | 1 | - | 1 |

ਉਪਰੋਕਤ ਵਿਚ ਲੈਕਚਰਾਰ ਪੰਜਾਬੀ ਦੀ ਜੋ ਅਸਾਮੀ ਖਾਲੀ ਵਿਖਾਈ ਗਈ ਹੈ, ਉਹ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਜਿੰਨਾ ਚਿਰ ਪ੍ਰਿੰਸੀਪਲ ਪੰਜਾਬੀ ਵਿਸ਼ੇ ਦਾ ਨਾ ਹੋਵੇ।

H.C.
Inform the Management
[signature]
20.10.80

[signature]
ਸਹਾਇਕ ਡਾਇਰੈਕਟਰ (ਪ੍ਰਾ: ਕ:)
ਵਾ: ਡਾਇਰੈਕਟਰ ਸਿਖਿਆ ਵਿਭਾਗ (ਕਾ) ਪੰਜਾਬ।

[illegible] 3/10

ਪੰਜਾਬੀ ਯੂਨੀਵਰਸਿਟੀ ਪਟਿਆਲਾ

---

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ ਜੁਲਾਈ, 1972 ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਹੈ।

29.5.91.

ਡਿਪਟੀ ਰਜਿਸਟਰਾਰ (ਕਾਲਜਾਂ)

ਡਿਪਟੀ ਰਜਿਸਟਰਾਰ (ਜਨਰਲ)
ਪੰਜਾਬੀ ਯੂਨੀਵਰਸਿਟੀ
ਪਟਿਆਲਾ

## CERTIFICATE OF FILING

No. No.691 /1983-84

OFFICE OF REGISTRAR OF FIRMS
AND SOCIETIES, PUNJAB

The Registrar of Firms and Societies, Punjab acknowledge the Receipt of the under mentioned documents (s) relating to Punjab The Managing Committee of Guru Gobind Singh College VPO Sanghera Barnala

(Description of documents (s)

1. List of Members of Managing Committee for the year 2018 – 2019.
(submitted by Bhola Singh Virak)

3311
28/9/18

Station: Chandigarh,
Dated

28/9/18

Registrar, Firms and Societies, Punjab

Registrar of Firms & Societies
Punjab

01679-230288

# GURU GOBIND SINGH COLLEGE

Sanghera (Barnala)
Affiliated to Punjabi University, Patiala
Pb.Govt. Aided College, U.G.C 2F, 12B Approved
NAAC 'B' Grade

No:GGSC/............ Date:....../....../2018

## ਲਿਸਟ ਮੈਂਬਰਾਨ ਮੈਨੇਜਿੰਗ ਕਮੇਟੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ (ਬਰਨਾਲਾ)

### ਸਾਲ 2018-19 ਅਤੇ 2019-20

| ਲੜੀ ਨੰ: | ਨਾਮ | ਪਿਤਾ/ ਪਤੀ/ ਗੁਰੂ ਦਾ ਨਾਮ | ਅਹੁਦਾ | ਪਤਾ | ਹਸਤਾਖਰ |
|---|---|---|---|---|---|
| 1 | ਸ੍ਰ ਭੋਲਾ ਸਿੰਘ ਵਿਰਕ | ਸ੍ਰ ਸੁਖਦੇਵ ਸਿੰਘ ਵਿਰਕ | ਪ੍ਰਧਾਨ | ਖੁੱਡੀ ਰੋਡ ਬਰਨਾਲਾ | |
| 2 | ਸੰਤ ਮਹਿਪਤ ਦਾਸ | ਚੇਲਾ ਸੰਤ ਪੰਚਮ ਦਾਸ | ਜਨਰਲ ਸੈਕਟਰੀ | ਡੇਰਾ ਬਾਬਾ ਪੰਚਮ ਦਾਸ,ਖੁੱਡੀ ਕਲਾਂ | |
| 3 | ਸ੍ਰ ਹਰਬੰਸ ਸਿੰਘ ਢਿੱਲੋਂ | ਸ੍ਰ ਵਰਿਆਮ ਸਿੰਘ | ਵਿੱਤ ਸਕੱਤਰ | VPO ਦੀਪਗੜ੍ਹ,ਜਿਲਾ ਬਰਨਾਲਾ | |
| 4 | ਸ੍ਰ ਜਰਨੈਲ ਸਿੰਘ | ਸ੍ਰ ਬਚਨ ਸਿੰਘ | ਮੈਂਬਰ | VPO ਭਦੌੜ,ਜਿਲ੍ਹਾ ਬਰਨਾਲਾ | |
| 5 | ਸ੍ਰ ਜਗਦੇਵ ਰਾਮ ਜੋਗੀ | ਸ੍ਰੀ ਰਾਜਾ ਰਾਮ | ਮੈਂਬਰ | ਗਰੀਨ ਪੈਲਸ ਰੋਡ,ਬਰਨਾਲਾ | |
| 6 | ਸ੍ਰ ਦਰਸ਼ਨ ਸਿੰਘ | ਸ੍ਰ ਜੰਗੀਰ ਸਿੰਘ | ਮੈਂਬਰ | VPO ਸਹਿਣਾ,ਬਰਨਾਲਾ | |
| 7 | ਸ੍ਰ. ਚਰਨਜੀਤ ਸਿੰਘ | ਸ੍ਰ. ਬਲਵਿੰਦਰ ਸਿੰਘ | ਮੈਂਬਰ | ਛੀਨੀਵਾਲ ਖੁਰਦ | |
| 8 | ਸ੍ਰ ਦਰਸ਼ਨ ਸਿੰਘ | ਸ੍ਰ ਮੱਘਰ ਸਿੰਘ | ਮੈਂਬਰ | VPO ਸੰਘੇੜਾ,ਬਰਨਾਲਾ | |
| 9 | ਸ੍ਰ. ਸਰਬਜੀਤ ਸਿੰਘ | ਸ੍ਰ. ਹਰਚਰਨ ਸਿੰਘ | ਮੈਂਬਰ | ਭੰਦਲਵੱਡ | |
| 10 | ਸ੍ਰ. ਭੋਲਾ ਸਿੰਘ ਗਿੱਲ | ਸ੍ਰ. ਪ੍ਰੀਤਮ ਸਿੰਘ | ਮੈਂਬਰ | VPO ਸੰਘੇੜਾ,ਬਰਨਾਲਾ | |
| 11 | ਮਾਸਟਰ ਰਘਵਿੰਦਰ ਸਿੰਘ | ਸ੍ਰ. ਸਰਬਣ ਸਿੰਘ | ਮੈਂਬਰ | VPO ਸੰਘੇੜਾ,ਬਰਨਾਲਾ | |
| 12 | ਸ੍ਰ. ਬਲਵੀਰ ਸਿੰਘ | ਸ੍ਰ. ਗੁਰਚਰਨ ਸਿੰਘ | ਮੈਂਬਰ | ਘਤੂਆਂ ਰੋਡ ਬਰਨਾਲਾ | |
| 13 | ਡਾ. ਜਗਦੀਪ ਕੌਰ | ਪਤਨੀ ਸ੍ਰ. ਰਵਿੰਦਰਜੀਤ ਸਿੰਘ | ਮੈਂਬਰ ਪ੍ਰਿੰਸੀਪਲ | ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ | |
| 14 | ਪ੍ਰੋ ਸਰਬਜੀਤ ਸਿੰਘ | ਸ੍ਰ ਸਿੰਗਾਰਾ ਸਿੰਘ | ਮੈਂਬਰ | ਅਸਿਸਟੈਂਟ ਪ੍ਰੋਫੈਸਰ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ | |
| 15 | ਪ੍ਰੋ ਰਮਿੰਦਰਪਾਲ ਕੌਰ | ਪਤਨੀ ਸ੍ਰ ਹਰਮੀਤ ਸਿੰਘ | ਮੈਂਬਰ | ਅਸਿਸਟੈਂਟ ਪ੍ਰੋਫੈਸਰ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ | |

ਪ੍ਰਧਾਨ
(ਸ੍ਰ. ਭੋਲਾ ਸਿੰਘ ਵਿਰਕ)

ਸੈਕਟਰੀ
(ਸ੍ਰ. ਹਰਬੰਸ ਸਿੰਘ ਢਿੱਲੋਂ)

Certified to be a true ... Registrar ... & Societies Punjab

# ਤਤਕਰਾ

1. ਪ੍ਰਿੰਸੀਪਲ ਦੀ ਅਸਾਮੀ ਲਈ ਯੋਗਤਾਵਾਂ/ਕਾਬਲੀਅਤਾਂ ਦਾ ਵੇਰਵਾ
2. ਅਧਿਆਪਕਾਂ ਦੀ ਚੋਣ ਅਤੇ ਵਿਦਿਅਕ ਯੋਗਤਾ ਸਬੰਧੀ
3. ਵੱਖ-ਵੱਖ ਕਮੇਟੀਆਂ ਦਾ ਨਿਰਮਾਣ ਅਤੇ ਨਿਯਮ
4. ਦਾਖਲਿਆਂ ਸਬੰਧੀ ਨਿਯਮ
5. ਨੈਤਿਕ ਨਿਯਮ (ਵਿਦਿਆਰਥੀ ਅਤੇ ਅਧਿਆਪਕ)
6. ਲਾਇਬਰੇਰੀ ਦੇ ਨਿਯਮ
7. ਐਨ. ਐਸ. ਐਸ ਦੇ ਨਿਯਮ
8. ਐਨ. ਸੀ. ਸੀ ਦੇ ਨਿਯਮ
9. ਖੇਡਾਂ ਦੇ ਨਿਯਮ
10. ਸੱਭਿਆਚਾਰਕ ਗਤੀਵਿਧੀਆਂ
11. ਕੰਟੀਨ ਦੇ ਨਿਯਮ
12. ਔਰਤਾਂ ਕਰਮਚਾਰੀਆਂ/ਅਧਿਆਪਕਾਵਾਂ/ਵਿਦਿਆਰਥਣਾਂ ਲਈ ਵਿਸ਼ੇਸ਼ ਨਿਯਮ (ਔਰਤ ਸੁਰੱਖਿਆ ਸਬੰਧੀ)

# ਕਮੇਟੀ ਦੇ ਉਦੇਸ਼:

1. ਕਮੇਟੀ ਅਧੀਨ ਕਾਰਜ ਕਰਦੇ ਕਰਮਚਾਰੀ/ਅਧਿਕਾਰੀਆਂ ਦੇ ਅਕਾਦਮਿਕ ਅਤੇ ਪੇਸ਼ਾਵਰ ਹਿੱਤਾ ਦੀ ਸੁਰੱਖਿਆ ਕਰਨਾ ਅਤੇ ਉਹਨਾਂ ਨੂੰ ਉਸਾਰੂ ਮੰਚ ਮੁਹੱਈਆਂ ਕਰਵਾਉਣਾ।
2. ਵਿਦਿਆਰਥੀ/ਕਰਮਚਾਰੀਆਂ ਲਈ ਸਮਾਜਿਕ ਸੁਰੱਖਿਆ ਨੂੰ ਲਾਗੂ ਕਰਨ ਹਿੱਤ ਨਵੇਂ ਨਿਯਮ ਤਿਆਰ ਕਰਨੇ।
3. ਅਧਿਆਪਕ ਵਰਗ ਦੇ ਸਾਹਿਤਕ ਅਤੇ ਬੋਧਿਕ ਵਿਕਾਸ ਨੂੰ ਕਾਇਮ ਰੱਖਣ ਲਈ ਕਾਰਜ ਕਰਨੇ।
4. ਸਭਿਆਚਾਰਕ ਸਰਗਰਮੀਆਂ ਨੂੰ ਉਚਿੱਤ ਮੰਚ ਮੁਹੱਈਆਂ ਕਰਵਾਉਣਾ।
5. ਸੰਸਥਾ ਨੂੰ ਆਰਥਿਕ ਸਮਾਜਿਕ ਅਤੇ ਅਕਾਦਮਿਕ ਰੂਪ ਵਿੱਚ ਮਜ਼ਬੂਤ ਕਰਨ ਲਈ ਨੀਤੀਆਂ ਦੀ ਉਸਾਰੀ ਅਤੇ ਉਸਨੂੰ ਨਵਿਆਉਣ ਲਈ ਯਤਨਸ਼ੀਲ ਹੋਣਾ।

# CODE OF CONDUCT

(1) ਪ੍ਰਿੰਸੀਪਲ ਦੀ ਅਸਾਮੀ ਲਈ ਯੋਗਤਾਵਾਂ/ ਕਾਬਲੀਅਤਾਂ

**ੳ) ਪ੍ਰਿੰਸੀਪਲ (ਪ੍ਰੋਫੈਸਰ ਦੇ ਗ੍ਰੇਡ ਵਿੱਚ)**

1. ਮਾਸਟਰ ਡਿਗਰੀ, ਜਿਸ ਵਿੱਚ ਘੱਟ ਤੋਂ ਘੱਟ 55% ਨੰਬਰ ਲਏ ਹੋਣ ਜਾਂ ੳ, ਏ, ਬੀ, ਸੀ, ਡੀ,ਈ ਅਤੇ ਐਫ ਆਖਰੀ ਦਰਜਿਆਂ ਵਾਲੇ 7 ਨੁਕਾਤੀ ਪੈਮਾਨੇ ਵਿੱਚ ਉਸ ਦੇ ਤੁੱਲ ਬੀ ਦਰਜਾ ਹਾਸਲ ਕੀਤਾ ਹੋਵੇ।
2. ਪੀ.ਐਚ.ਡੀ. ਜਾਂ ਉਸ ਦੇ ਕੁੱਲ ਕੁਆਲੀਫਿਕੇਸ਼ਨ
3. ਯੂਨੀਵਰਸਿਟੀਆਂ/ਕਾਲਜਾਂ ਅਤੇ ਉਚੇਰੀ ਸਿੱਖਿਆ ਦੀਆਂ ਹੋਰ ਸੰਸਥਾਵਾਂ ਵਿੱਚ ਅਧਿਆਪਨ/ਖੋਜ਼ ਦਾ ਕੁੱਲ ਜੋੜ 15 ਸਾਲਾਂ ਦਾ ਤਜਰਬਾ ।
4. ਪਰਵਾਨਤ ਲੈਕਚਰਾਰ ਹੋਵੇ।
5. ਮੈਟ੍ਰਿਕੁਲੇਸ਼ਨ ਪੱਧਰ ਦੀ ਪੰਜਾਬੀ ਜਾਂ ਪੰਜਾਬੀ ਪ੍ਰਬੋਧ' ਪਰੀਖਿਆ ਪਾਸ ਕੀਤੀ ਹੋਵੇ।

**ਅ) ਪ੍ਰਿੰਸੀਪਲ (ਰੀਡਰ ਦੇ ਗ੍ਰੇਡ ਵਿੱਚ)**

1. ਮਾਸਟਰ ਡਿਗਰੀ, ਜਿਸ ਵਿੱਚ ਘੱਟ ਤੋਂ ਘੱਟ 55% ਨੰਬਰ ਲਏ ਹੋਣ ਜਾਂ ੳ, ਏ, ਬੀ, ਸੀ, ਡੀ,ਈ ਅਤੇ ਐਫ ਦੇ ਆਖਰੀ ਦਰਜਿਆਂ ਵਾਲੇ 7 ਨੁਕਾਤੀ ਪੈਮਾਨੇ ਵਿੱਚ ਉਸ ਦੇ ਤੁੱਲ ਬੀ ਦਰਜਾ ਹਾਸਿਲ ਕੀਤਾ ਹੋਵੇ।
2. ਪੀ.ਐਚ.ਡੀ. ਜਾਂ ਉਸ ਦੇ ਕੁੱਲ ਕੁਆਲੀਫਿਕੇਸ਼ਨ
3. ਯੂਨੀਵਰਸਿਟੀਆਂ/ਕਾਲਜਾਂ ਅਤੇ ਉਚੇਰੀ ਸਿੱਖਿਆ ਦੀਆਂ ਹੋਰ ਸੰਸਥਾਵਾਂ ਵਿੱਚ ਅਧਿਆਪਨ/ਖੋਜ਼ ਦਾ ਕੁੱਲ ਜੋੜ 10 ਸਾਲਾਂ ਦਾ ਤਜਰਬਾ
4. ਪਰਵਾਨਤ ਲੈਕਚਰਾਰ ਹੋਵੇ।
5. ਮੈਟ੍ਰਿਕੁਲੇਸ਼ਨ ਪੱਧਰ ਦੀ ਪੰਜਾਬੀ ਜਾਂ ਪੰਜਾਬੀ ਪ੍ਰਬੋਧ' ਪਰੀਖਿਆ ਪਾਸ ਕੀਤੀ ਹੋਵੇ।

(2) ਅਜਿਹੇ ਮੌਜੂਦਾ ਕਰਮਚਾਰੀਆਂ ਦੀ ਸੂਰਤ ਵਿੱਚ ਜੋ ਪਹਿਲਾਂ ਹੀ ਯੂਨੀਵਰਸਿਟੀ ਪ੍ਰਣਾਲੀ ਵਿੱਚ ਹਨ। ਪ੍ਰਿੰਸੀਪਲਾਂ ਦੀ ਅਸਾਮੀ ਲਈ ਸਬੰਧਿਤ ਵਿਸ਼ੇ ਵਿੱਚ ਮਾਸਟਰ ਲੈਵਲ ਵਿੱਚ ਘੱਟ ਤੋਂ ਘੱਟ 55% ਦੀ ਲੋੜ ਉੱਤੇ ਜ਼ੋਰ ਨਹੀਂ ਦਿੱਤਾ ਜਾਵੇਗਾ। ਉਹਨਾਂ ਦੀ ਸੂਰਤ ਵਿੱਚ ਘੱਟ ਤੋਂ ਘੱਟ ਲੋੜ ਮਾਸਟਰ ਪੱਧਰ ਤੇ 50% ਨੰਬਰ ਦੀ ਹੋਵੇਗੀ। ਐਪਰ, ਉਹਨਾਂ ਵਿਅਕਤੀਆਂ ਦੀ ਸੂਰਤ ਵਿੱਚ ਇਹਨਾਂ ਨੰਬਰਾਂ ਉੱਤੇ ਜ਼ੋਰ ਦਿੱਤਾ ਜਾਵੇਗਾ। ਜੋ ਬਾਹਰ ਤੋਂ ਯੂਨੀਵਰਸਿਟੀ ਪ੍ਰਣਾਲੀ ਵਿੱਚ ਦਾਖ਼ਲ ਹੋ ਰਹੇ ਹੋਣ।

(3) ਯੂਨੀਵਰਸਿਟੀ ਨਾਲ ਸਬੰਧਤ ਪ੍ਰਾਈਵੇਟ ਕਾਲਜਾਂ ਵਿੱਚ ਪ੍ਰਿੰਸੀਪਲ ਦੀ ਚੋਣ ਲਈ ਕਮੇਟੀ:-

1. ਸਬੰਧਤ ਕਾਲਜ ਦੀ ਗਵਰਨਿੰਗ ਬਾਡੀ ਦਾ ਚੇਅਰਪਰਸਨ।
2. ਪ੍ਰਧਾਨ ਵੱਲੋਂ ਪ੍ਰਬੰਧਕੀ ਬੋਰਡ ਦੇ ਇੱਕ ਮੈਂਬਰ ਨੂੰ ਨਾਮਜਦ ਕੀਤਾ ਜਾਵੇ।
3. ਵਾਈਸ ਚਾਂਸਲਰ ਵਲੋਂ ਨਾਮਜਦ ਦੋ ਨੁਮਾਇੰਦੇ।
4. ਡਾਇਰੈਕਟਰ, ਸਿੱਖਿਆ ਵਿਭਾਗ (21) ਵੱਲੋਂ ਗਠਤ ਕੀਤੇ ਸਰਕਾਰੀ ਕਾਲਜਾਂ ਦੇ ਪਹਿਲੇ 10 ਪ੍ਰਿੰਸੀਪਲਾਂ ਦੇ ਪੈਨਲ ਵਿੱਚੋਂ ਕਾਲਜ ਦੀ ਗਵਰਨਿੰਗ ਬਾਡੀ ਦੇ ਚੇਅਰਮੈਨ ਵੱਲੋਂ ਜਾਮਜਦ ਕੀਤਾ ਗਿਆ ਇੱਕ ਨੁਮਾਇੰਦਾ।
5. ਡਾਇਰੈਕਟਰ, ਸਿੱਖਿਆ ਵਿਭਾਗ (21) ਪੰਜਾਬ ਜਾਂ ਉਸ ਦਾ ਨੁਮਾਇੰਦਾ।

ਯੂਨੀਵਰਸਿਟੀ ਨਾਲ ਸਬੰਧ ਪ੍ਰਾਈਵੇਟ ਕਾਲਜਾਂ ਵਿਚ ਪ੍ਰਿੰਸੀਪਲ ਦੀ ਚੋਣ ਲਈ ਚੋਣ ਕਮੇਟੀ ਤੇ ਵਿਸ਼ਾ ਮਾਹਿਰ ਦੀ ਥਾਂ ਨੁਮਾਇੰਦਾ ਭੇਜਿਆ ਜਾਵੇ ਅਤੇ ਇਸ ਤਰ੍ਹਾਂ ਅੱਗੇ ਤੋਂ ਯੂਨੀਵਰਸਿਟੀ ਵਲੋਂ ਨੁਮਾਇੰਦੇ ਭੇਜਣੇ ਹਨ।

(4) ਜੇਕਰ ਪ੍ਰਿੰਸੀਪਲ ਦੀ ਅਸਾਮੀ ਲਈ ਕੇਵਲ ਇੱਕ ਉਮੀਦਵਾਰ ਦੀ ਅਰਜ਼ੀ ਪ੍ਰਾਪਤ ਹੁੰਦੀ ਹੈ ਅਤੇ ਉਹ ਉਮੀਦਵਾਰ ਨਿਰਧਾਰਤ ਯੋਗਤਵਾਂ/ਤਜ਼ਰਬਾ ਪੂਰੀਆਂ ਕਰਦਾ ਹੈ ਤਾਂ ਕਾਲਜ ਵੱਲੋਂ ਉਸ ਦੀ ਇੰਟਰਵਿਊ ਨਿਯਮਾਂ ਅਨੁਸਾਰ ਨਿਰਧਾਰਤ ਚੋਣ ਕਮੇਟੀ ਦੁਆਰਾ ਕਰਵਾ ਲਈ ਜਾਵੇ।

ਉਮੀਦਵਾਰ ਨੂੰ ਯੋਗ ਪਾਉਣ ਦੀ ਸੂਰਤ ਵਿੱਚ ਉਸਦੀ ਚੋਣ ਕੀਤੀ ਜਾ ਸਕਦੀ ਹੈ। ਅਸਾਮੀ ਲਈ ਸਮੇਂ-ਸਮੇਂ ਸਿਰ ਜਾਰੀ ਕੀਤੇ ਜਾਂਦੇ ਯੂਨੀਵਰਸਿਟੀ ਨਿਯਮ ਅਤੇ ਪੰਜਾਬ ਸਰਕਾਰ ਦੀਆਂ ਸ਼ਰਤਾਂ ਇੰਨ ਬਿੰਨ ਲਾਗੂ ਹੋਣਗੀਆਂ।

# ਅਧਿਆਪਕਾਂ ਦੀ ਚੋਣ ਅਤੇ ਵਿਦਿਅਕ ਯੋਗਤਾ ਸੰਬੰਧੀ

## ਗੈਰ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੇ ਸੇਵਾ ਅਤੇ ਆਚਰਣ ਨਿਯਮ

**ੳ)** ਲੈਕਚਰਾਰ ਦੀ ਚੋਣ ਸਬੰਧੀ ਕਮੇਟੀ:-

1. ਸਬੰਧਤ ਕਾਲਜ ਦੀ ਗਵਰਨਿੰਗ ਬਾਡੀ ਦਾ ਚੇਅਰਪਰਸਨ ਜਾਂ ਉਸਦਾ ਨੁਮਾਇੰਦਾ।
2. ਸਬੰਧਤ ਕਾਲਜ ਦਾ ਪ੍ਰਿੰਸੀਪਲ
3. ਸਬੰਧਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੇ ਦੋ ਨੁਮਾਇੰਦੇ...... ਜਿੰਨ੍ਹਾਂ ਵਿਚੋਂ ਇਕ ਵਿਸ਼ਾ ਮਾਹਿਰ ਹੋਣਾ ਚਾਹੀਦਾ ਹੈ।
4. ਡਾਇਰੈਕਟਰ, ਸਿੱਖਿਆ ਵਿਭਾਗ (21) ਪੰਜਾਬ ਦਾ ਨੁਮਾਇੰਦਾ (ਪ੍ਰਿੰਸੀਪਲ ਰੈਂਕ ਦਾ)
5. ਡਾਇਰੈਕਟਰ, ਸਿੱਖਿਆ ਵਿਭਾਗ (21) ਪੰਜਾਬ ਵੱਲੋਂ ਡੀਟੇਲ ਕੀਤਾ ਗਿਆ ਵਿਸ਼ਾ ਮਾਹਿਰ (ਸਰਕਾਰੀ ਕਾਲਜ ਦਾ ਸੀਨੀਅਰ ਲੈਕਚਰਾਰ)

**ਅ)** ਯੂਨੀਵਰਸਿਟੀ ਨਾਲ ਸਬੰਧ ਪ੍ਰਾਈਵੇਟ ਕਾਲਜਾਂ ਵਿਖੇ ਚੋਣ ਕਮੇਟੀਆਂ ਤੇ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਨ ਲਈ ਯੂਨੀਵਰਸਿਟੀ ਦੇ ਨੁਮਾਇੰਦੇ ਨੂੰ ਜੇਕਰ ਕਿਸੇ ਇੱਕ ਕਾਲਜ ਵਿੱਚ ਇੱਕ ਦਿਨ ਵਿੱਚ ਇੱਕ ਤੋਂ ਵੱਧ ਚੋਣ ਕਮੇਟੀਆਂ ਵਿੱਚ ਨੁਮਾਇੰਦਗੀ ਕਰਨ ਲਈ ਭੇਜਿਆ ਜਾਂਦਾ ਹੈ ਤਾਂ ਉਸਨੂੰ ਪ੍ਰਤੀ ਚੋਣ ਕਮੇਟੀ ਦੇ ਹਿਸਾਬ ਨਾਲ ਸੇਵਾਫਲ ਦੀ ਅਦਾਇਗੀ ਕੀਤੀ ਜਾਵੇ।

**ੲ)** ਗੈਰ-ਸਰਕਾਰੀ ਕਾਲਜਾਂ ਵਿੱਚ ਚੋਣ-ਕਮੇਟੀਆਂ ਵਿੱਚ ਭਾਗ ਲੈਣ ਲਈ ਯੂਨੀਵਰਸਿਟੀ ਦੁਆਰਾ ਨਾਮਜ਼ਦ ਨੁਮਾਇੰਦੇ/ਵਿਸ਼ੇ ਮਾਹਿਰਾਂ ਨੂੰ ਅਦਾਇਗੀ ਯੋਗ ਸੇਵਾਫਲ ਦੀ ਦਰ 1000/- ਰੁ: ਪ੍ਰਤੀ ਚੋਣ-ਕਮੇਟੀ ਹੋਵੇਗੀ ਅਤੇ ਮੈਂਬਰਾਂ ਨੂੰ ਡੀ.ਏ ਆਦਿ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

# ਐਡਹਾਕ ਪ੍ਰੋਫੈਸਰ ਦੀ ਚੋਣ ਸੰਬੰਧੀ

6 Member – President + Principal

Managing Committee + Vice Principal 1 Subject expert

## ਸੇਵਾ ਦੌਰਾਨ ਲਾਗੂ ਕੀਤਾ ਜਾਂਦੀ ਨਿਯਮਾਂਵਲੀ

ਅਧਿਆਪਕ ਦੇ ਆਚਾਰ ਨਿਯਮ:–

1. ਕੋਈ ਵੀ ਕਰਮਚਾਰੀ ਕਿਸੇ ਅਜਿਹੇ ਅੰਦੋਲਨ ਵਿੱਚ ਭਾਗ ਨਹੀਂ ਲਵੇਗਾ, ਨਾ ਕਿਸੇ ਤਰ੍ਹਾਂ ਉਸਦਾ ਸਮਰਥਨ ਕਰੇਗਾ ਅਤੇ ਨਾ ਉਸ ਦੀ ਮਦੱਦ ਕਰੇਗਾ ਜ਼ੋ ਭਾਰਤੀ ਸੰਘ ਦੇ ਨਾਗਰਿਕਾਂ ਦੇ ਵੱਖ–ਵੱਖ ਵਰਗਾਂ ਵਿੱਚ ਨਫ਼ਰਤ ਜਾਂ ਦੁਸ਼ਮਣੀ ਦੀ ਭਾਵਨਾ ਨੂੰ ਬੜਾਵਾ ਦੇਣ ਦੀ ਜਾਂ ਲੋਕ ਸ਼ਾਂਤੀ ਵਿੱਚ ਖ਼ਲਲ ਪਾਉਣ ਦੀ ਪ੍ਰਵਿਰਤੀ ਰੱਖਦਾ ਹੋਵੇ।
2. ਕੋਈ ਅਜਿਹਾ ਅਧਿਆਪਕ ਜ਼ੋ ਸੰਸਦਾ ਰਾਜ ਵਿਧਾਨ ਮੰਡਲ ਦੀਆਂ ਚੋਣਾਂ ਲੜਨ ਲਈ ਆਪਣੈ ਆਪ ਨੂੰ ਪੇਸ਼ ਕਰੇਗਾ, ਉਸਨੂੰ ਆਪਣੀ ਸੇਵਾ ਤੋਂ ਅਸਤੀ੍ਫਾ ਦੇਣਾ ਪਵੇਗਾ, ਪ੍ਰੰਤੂ ਇਹ ਹੈ ਕਿ ਜਿਸ ਤਰੀਕ ਨੂੰ ਉਸ ਅਧਿਆਪਕ ਦੀ ਸੰਸਦ/ਰਾਜ ਵਿਧਾਨ ਮੰਡਲ ਲਈ ਨਾਮਜਦਗੀ ਸਵੀਕਾਰ ਕੀਤੀ ਜਾਂਦੀ ਹੈ, ਉਸ ਬਾਰੇ ਇਹ ਸਮਝਿਆ ਜਾਵੇਗਾ ਕਿ ਉਸਨੇ ਉਸ ਤਰੀਕ ਆਪਣਾ ਅਹੁਦਾ ਖਾਲੀ ਕਰ ਦਿੱਤਾ ਹੈ ਭਾਵੇ ਉਸ ਨੇ ਅਸਤੀ੍ਫਾ ਨਾ ਵੀ ਦਿੱਤਾ ਹੋਵੇ ਜਾਂ ਉਸ ਦਾ ਅਸਤੀ੍ਫਾ ਸਵੀਕਾਰ ਨਾ ਵੀ ਹੋਇਆ ਹੋਵੇ।
3. ਕੋਈ ਕਰਮਚਾਰੀ ਗਵਰਨਿੰਗ ਬਾਡੀ ਦੀ ਅਗੇਤਰੀ ਇਜਾਜਤ ਤੋਂ ਬਿਨ੍ਹਾਂ, ਕਿਸੇ ਅਖਬਾਰ ਜਾਂ ਰਸਾਲੇ ਦਾ ਪੂਰਣ ਰੂਪ ਵਿਚ ਜਾਂ ਅੰਸ਼ਕ ਰੂਪ ਵਿੱਚ ਮਾਲਕ ਨਹੀਂ ਹੋਵੇਗਾ, ਉਸਦਾ ਸੰਪਾਦਨ ਨਹੀਂ ਕਰੇਗਾ, ਉਸਦਾ ਪ੍ਰਬੰਧ ਨਹੀਂ ਚਲਾਵੇਗਾ, ਨਾ ਸੰਪਾਦਨ ਜਾਂ ਪ੍ਰਬੰਧ ਵਿੱਚ ਹਿੱਸਾ ਪਵੇਗਾ ਅਤੇ ਨਾ ਕਿਸੇ ਅਖਬਾਰ ਦੇ ਪੱਤਰ ਪ੍ਰੇਰਕ ਦੇ ਤੌਰ ਤੇ ਕੰਮ ਕਰੇਗਾ।
4. ਕੋਈ ਵੀ ਕਰਮਚਾਰੀ ਆਪਣੇ ਕਾਲਜ ਦੀ ਗਵਰਨਿੰਗ ਬਾਡੀ ਦੀ ਕਿਸੇ ਪ੍ਰਬੰਧਕੀ ਕਾਰਵਾਈ ਦੀ ਕਿਸੇ ਵੀ ਢੰਗ ਨਾਲ ਜਨਤਾ ਵਿਚ ਪ੍ਰਤੀਕੂਲ ਆਲੋਚਨਾ ਨਹੀਂ ਕਰੇਗਾ।
5. ਕੋਈ ਵੀ ਕਰਮਚਾਰੀ, ਪ੍ਰਬੰਧਕ ਕਮੇਟੀ ਦੁਆਰਾ ਦਿੱਤੇ ਗਏ ਕਿਸੇ ਵਿਸ਼ੇਸ਼ ਜਾਂ ਆਮ ਹੁਕਮ ਦੀ ਅਨੁਸਾਰਤਾ ਤੋਂ ਬਿਨਾਂ, ਜਾਂ ਉਸਨੂੰ ਸੌਪੀਆਂ ਗਈਆਂ ਡਿਊਟੀਆਂ ਨੂੰ ਨੇਕ–ਨੀਤੀ ਨਾਲ ਨਿਭਾਉਣ ਤੋਂ ਛੁਟ ਕਿਸੇ ਕਰਮਚਾਰੀ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨੂੰ ਕੋਈ ਦਫ਼ਤਰੀ ਦਸਤਾਵੇਜ਼ ਜਾਂ ਸੂਚਨਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਹੀਂ ਦੇਵੇਗਾ, ਜਿਸਨੂੰ ਅਜਿਹੀ ਦਸਤਾਵੇਜ਼ ਜਾਂ ਸੂਚਨਾਂ ਦੇਣ ਲਈ ਉਹ ਅਧਿਕਾਰਤ ਨਹੀਂ ਹੈ।
6. ਕੋਈ ਕਰਮਚਾਰੀ ਕਾਲਜ ਵਿੱਚ ਆਪਣੀ ਸੇਵਾ ਨਾਲ ਸੰਬਧਤ ਮਾਮਲਿਆਂ ਵਿੱਚ ਆਪਣੇ ਹਿੱਤਾਂ ਦੀ ਪੂਰਤੀ ਲਈ ਆਪਣੇ ਕਾਲਜ ਦੀਆਂ ਅਥਰਾਟੀਆਂ ਤੇ ਬਾਹਰਲਾ ਪ੍ਰਭਾਵ ਨਹੀਂ ਪਵਾਏਗਾ ਅਤੇ ਨਾ ਹੀ ਪਵਾਉਣ ਦਾ ਯਤਨ ਕਰੇਗਾ।
7. ਕੋਈ ਕਰਮਚਾਰੀ ਅਧਿਆਪਕਾਂ ਦੇ ਜਾਂ ਅਧਿਆਪਨ ਕਿੱਤੇ ਦੇ ਕਿਸੇ ਵਰਗ ਦੀ ਪ੍ਰਤੀਨਿਧਤਾ ਕਰਨ ਵਾਲੀ ਜਾਂ ਪ੍ਰਤੀਨਿੱਧਤਾ 313 ਪਰਜਾਪਤ ਕਰਨ ਵਾਲੀ ਕਿਸੇ ਸਭਾ ਦਾ ਮੈਂਬਰ, ਪ੍ਰਤੀਨਿੱਧ ਜਾਂ ਅਹੁੱਦੇਦਾਰ ਨਹੀਂ ਬਣੇਗਾ। ਜੇਕਰ ਉਹ ਸਭਾ ਨਿਮਨ ਸ਼ਰਤਾਂ ਪੂਰੀਆਂ ਨਾ ਕਰਦੀ ਹੋਵੇ।

ੳ. ਉਸ ਦੀ ਮੈਂਬਰਸ਼ਿਪ ਅਧਿਆਪਕਾਂ ਤੱਕ ਸੀਮਤ ਹੋਵੇ।

ਅ. ਉਸ ਸਭਾ ਦੀਆਂ ਇੱਕਤਰਤਾਵਾਂ ਪ੍ਰਿੰਸੀਪਲ ਦੀ ਅਗੇਤਰੀ ਇਜ਼ਾਜਤ ਨਾਲ, ਜੋ ਆਮ ਕਰਕੇ ਦੇ ਦਿੱਤੀ ਜਾਵੇਗੀ, ਕਾਲਜ ਦੀ ਹਦੂਦ ਅੰਦਰ, ਕਾਲਜ ਦੇ ਸਮੇਂ ਤੋਂ ਬਾਅਦ ਜਾਂ ਗੈਰ–ਅਧਿਆਪਨ ਦਿਨ ਨੂੰ ਕੀਤੀਆ ਜਾਣ।

ੲ. ਅਜਿਹੀ ਇਕਤਰਤਾ ਵਿੱਚ ਕਾਲਜ ਦੇ ਪ੍ਰਬੰਧ ਨਾਲ ਸੰਬੰਧਤ ਫੈਸਲੇ ਪ੍ਰਿੰਸੀਪਲ ਨੂੰ ਦਸ ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਸੰਮੂਚਿਤ ਕੀਤੇ ਜਾਣਗੇ।

# ਆਮ ਨਿਯਮ

1. ਹਰੇਕ ਕਰਮਚਾਰੀ ਹਰ ਸਮੇਂ ਨਿਪੁੰਨਤਾ ਪੂਰਵਕ ਸੇਵਾ ਕਰੇਗਾ, ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰੇਗਾ ਅਤੇ ਪੂਰਣ ਰੂਪ ਵਿੱਚ ਈਮਾਨਦਾਰੀ ਅਤੇ ਡਿਊਟੀ ਪ੍ਰਤੀ ਲਗਨ ਬਣਾਈ ਰੱਖੇਗਾ।
2. ਜੇਕਰ ਕਿਸੇ ਕੇਸ ਵਿੱਚ ਸਪੱਸ਼ਟ ਰੂਪ ਵਿੱਚ ਉਪਬੰਧਤ ਨਾ ਹੋਵੇ, ਕਰਮਚਾਰੀ ਦਾ ਪੂਰਾ ਸਮਾਂ ਕਾਲਜ ਦੇ ਅਖ਼ਤਿਆਰ ਵਿੱਚ ਹੋਵੇਗਾ ਅਤੇ ਉਹ ਕਾਲਜ ਦੀ ਉਸ ਹੈਸੀਅਤ ਵਿੱਚ ਅਤੇ ਅਜਿਹੇ ਸਥਾਨਾਂ ਤੇ ਸੇਵਾ ਕਰੇਗਾ, ਜਿਵੇਂ ਕਿ ਯੂਨੀਵਰਸਿਟੀ ਦੁਆਰਾ ਨਿਰਧਾਰਤ ਸ਼ਰਤਾਂ ਦੇ ਅਨੁਸਾਰ ਉਸਨੂੰ ਉਸਦੇ ਕਾਲਜ ਦੇ ਪ੍ਰਿੰਸੀਪਲ ਗਵਰਨਿੰਗ ਬਾਡੀ ਵੱਲੋਂ ਸਮੇਂ ਸਮੇਂ ਨਿਰਦੇਸ਼ ਦਿੱਤਾ ਜਾਵੇ।
3. ਕਿਸੇ ਕਾਲਜ ਦਾ ਕੋਈ ਕਰਮਚਾਰੀ ਕਿਸੇ ਨੌਕਰੀ ਆਸਾਮੀ ਜਾਂ ਯੋਗਤਾ, ਵਜੀਫ਼ੇ ਲਈ ਆਪਣੇ ਕਾਲਜ ਦੇ ਪ੍ਰਿੰਸੀਪਲ ਦੀ ਅਗੇਤਰੀ ਪਰਵਾਨਗੀ ਤੋਂ ਬਿਨਾਂ ਅਤੇ ਪ੍ਰਿੰਸੀਪਲ ਦੀ ਸੂਰਤ ਵਿੱਚ ਪ੍ਰਬੰਧਕ ਕਮੇਟੀ ਦੀ ਅਗੇਤਰੀ ਪਰਵਾਨਗੀ ਤੋਂ ਬਿਨਾਂ ਦਰਖਾਸਤ ਨਹੀਂ ਦੇਵੇਗਾ।
4. ਆਪਾਤਕਾਲੀਨ ਹਾਲਤ ਨੂੰ ਛੱਡ ਕੇ ਕੋਈ ਕਰਮਚਾਰੀ ਛੁੱਟੀ ਸੰਬੰਧੀ ਨਿਯਮਾਂ ਵਿੱਚ ਉਪਬੰਧਤ ਅਥਾਰਿਟੀ ਦੀ ਅਗੇਤਰੀ ਇਜਾਜਤ ਹਾਸਲ ਕਰਨ ਤੋਂ ਬਿਨਾਂ ਆਪਣੀ ਡਿਊਟੀ ਤੋਂ ਗੈਰ-ਹਾਜਰ ਨਹੀਂ ਹੋਵੇਗਾ।
5. ਕੋਈ ਕਰਮਚਾਰੀ ਕਿਸੇ ਅਜਿਹੀ ਸਰਗਰਮੀ ਵਿੱਚ ਹਿੱਸਾ ਨਹੀਂ ਲਵੇਗਾ ਜਿਸ ਦਾ ਆਸ਼ਾ ਪ੍ਰਿੰਸੀਪਲ ਦੇ ਨਿਰਣੇ ਅਨੁਸਾਰ ਕਾਲਜ ਵਿੱਚ ਅਨੁਸ਼ਾਸਨ ਹੀਣਤਾ ਪੈਦਾ ਕਰਨਾ ਹੋਵੇ।

## ਗ੍ਰੈਚਇਟੀ ਨਿਯਮ:-

ਪ੍ਰਾਈਵੇਟ ਫੰਡ ਦੀ ਸਹੂਲਤ ਤੋਂ ਇਲਾਵਾ ਅਧਿਆਪਕਾਂ ਨੂੰ ਉਸ ਦੀ ਰਿਟਾਇਰਮੈਂਟ ਦੇ ਸਮੇਂ ਗ੍ਰੈਚੁਇਟੀ ਦਿੱਤੀ ਜਾਵੇਗੀ ਜ਼ੋ ਉਸ ਦੀ ਕੁਆਲੀਫਾਇੰਗ ਸਰਵਿਸ ਦੇ ਮੁਕੰਮਲ ਕੀਤੇ ਹਰ ਛੇ ਮਹੀਨਿਆਂ ਉਸ ਦੁਆਰਾ ਅੰਤ ਵਿੱਚ ਲਏ ਗਏ ਵੇਤਨ ¼ ਦੇ ਤੁੱਲ ਹੋਵੇ, ਪ੍ਰੰਤੂ ਗ੍ਰੇਚੁਇਟੀ ਦੀ ਅਧਿੱਕਤਮ ਰਕਮ ਉਸਦੇ ਵੇਤਨ ਦਾ 16½ ਗੁਣਾ ਤੋਂ ਕਿਸੇ ਵੀ ਸੂਰਤ ਵੱਧ ਨਹੀਂ ਹੋਵੇਗੀ ਪ੍ਰੰਤੂ ਇਹ ਹੋਰ ਕਿ ਗ੍ਰੇਚੁਇਟੀ ਕਿਸੇ ਵੀ ਸੂਰਤ ਵਿੱਚ ਉਸ ਰਕਮ ਤੋਂ ਵੱਧ ਨਹੀ ਹੋਵੇਗੀ ਜ਼ੋ ਪੰਜਾਬ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਸਮੇਂ ਸਮੇਂ ਨਿਯਤ ਕੀਤੀ ਜਾਵੇ।

ਕਿਸੇ ਅਧਿਆਪਕ ਦੀ ਸੇਵਾ ਦੌਰਾਨ ਮਿਰਤੂ ਹੋ ਜਾਣ ਦੀ ਸੂਰਤ ਵਿੱਚ ਘੱਟ ਤੋਂ ਘੱਟ ਗ੍ਰੇਚਇਟੀ ਮੌਤ ਦੇ ਸਮੇਂ ਉਸ ਨੂੰ ਮਿਲ ਰਹੇ ਵੇਤਨ ਦੇ ਬਾਰਾਂ ਗੁਣਾਂ ਹੋਵੇਗੀ। ਪ੍ਰੰਤੂ ਇਹ ਰਕਮ ਕਿਸੇ ਵੀ ਸੂਰਤ ਵਿੱਚ ਉਸ ਰਕਮ ਤੋਂ ਵੱਧ ਨਹੀਂ ਹੋਵੇਗੀ ਜ਼ੋ ਪੰਜਾਬ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਸਮੇਂ ਸਮੇਂ ਨਿਯਤ ਕੀਤੀ ਜਾਵੇ।

# ਸੰਸਥਾ ਵੱਲੋਂ ਵੱਖ-ਵੱਖ ਕਮੇਟੀਆਂ ਦਾ ਨਿਰਮਾਣ

ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ(ਸੰਸਥਾ) ਵੱਲੋਂ ਕਾਲਜ ਦੇ ਸਮੁੱਚੇ ਕਾਰਵਿਹਾਰ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਵੱਖ ਵੱਖ ਕਮੇਟੀਆਂ ਦਾ ਨਿਰਮਾਣ ਕੀਤਾ ਗਿਆ ਹੈ ਤਾਂ ਕਿ ਕਿਸੇ ਵੀ ਕਾਰਜ ਵਿੱਚ ਕਿਸੇ ਤਰ੍ਹਾਂ ਦਾ ਕੋਈ ਵਿਘਨ ਨਾ ਆਵੇ। ਵੱਖ ਵੱਖ ਕਮੇਟੀਆਂ ਦਾ ਵੇਰਵਾ ਇਸ ਪ੍ਰਕਾਰ ਹੈ ਜਿਵੇਂ ਕਿ ;-

1. ਅਨੁਸਾਸ਼ਨ ਅਤੇ ਅਕਾਦਮਿਕ ਮਾਮਲੇ ਸਬੰਧੀ ਕਮੇਟੀ
2. ਕੋਡ ਆਫ਼ ਕੰਡਕਟ ਕਮੇਟੀ
3. ਸਪੋਰਟਸ ਅਤੇ ਸੱਭਿਆਚਾਰਕ ਕਮੇਟੀ
4. IQAC (NAAC)
5. ਕਾਲਜ ਅਤੇ ਸਕੂਲ ਦੇ ਪਾਰਕਾਂ ਦੀ ਰੱਖ ਰਖਾਵ ਡੈਕੋਰੇਸ਼ਨ ਕਮੇਟੀ
6. ਡਾਟਾ ਐਂਟਰੀ ਕਮੇਟੀ
7. ਸ਼ਿਕਾਇਤ ਨਿਰਵਾਨ ਕਮੇਟੀ (ਲੜਕੇ ਅਤੇ ਲੜਕੀਆਂ)
8. ਬਜਟ ਅਤੇ ਲੇਖਾ ਕਾਰਕ ਕਮੇਟੀ
9. ਹਾਜ਼ਰੀ ਰਜਿਸਟਰਾਂ ਦੀ ਮੈਨਟੀਨੈਂਸ ਕਮੇਟੀ
10. ਯੂ.ਜੀ ਸੀ ਅਤੇ ਮਾਮਲੇ ਅਤੇ ਮੁਆਇਨਾ ਕਮੇਟੀ
11. ਵਾਤਾਵਰਣ ਸਬੰਧੀ ਕਮੇਟੀ
12. ਕੰਟੀਨ ਕਮੇਟੀ
13. ਵਾਟਰ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ
14. ਟੈਲੀਫੋਨ, ਕੈਮਰੇ, ਕੰਪਿਊਟਰ, ਇੰਟਰਨੈੱਟ ਅਤੇ ਹੋਰ ਇਲੈਕਟੀਕਲ ਅਤੇ ਇਲੈਕਟਰੋਨਿਕਸ ਨਾਲ ਸਬੰਧਤ ਕੰਮਾਂ ਦੀ ਕਮੇਟੀ
15. ਖਰੀਦੋ-ਫਰੋਖਤ ਅਤੇ ਬਿਲਡਿੰਗ ਰੱਖ-ਰਖਾਵ ਕਮੇਟੀ
16. ਪ੍ਰਿੰਟਿੰਗ ਪ੍ਰੈਸ ਕਮੇਟੀ
17. ਦਾਖ਼ਲਾ ਕਮੇਟੀ
18. ਲਾਇਬਰੇਰੀ ਕਮੇਟੀ
19. ਭਾਸ਼ਾ ਅਨੁਵਾਦ ਕਮੇਟੀ
20. ਸਕਿਊਰਟੀ ਕਮੇਟੀ
21. ਸਫ਼ਾਈ ਕਮੇਟੀ
22. ਸੇਵਾਦਾਰ ਕਮੇਟੀ
23. ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਕਮੇਟੀ
24. ਐਂਟੀ ਰੈਗਿੰਗ ਕਮੇਟੀ

**ਨਿਯਮਾਂ ਅਨੁਸਾਰ ਕਮੇਟੀਆਂ ਵਿੱਚ ਕਾਲਜ ਅਧਿਆਪਕਾਂ ਤੋਂ ਇਲਾਵਾ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵੀ ਲੋੜ ਅਨੁਸਾਰ ਸ਼ਾਮਲ ਕੀਤਾ ਹੈ/ਕੀਤਾ ਜਾ ਸਕਦਾ ਹੈ।**

# ਦਾਖ਼ਲੇ ਸੰਬੰਧੀ ਨਿਯਮ (ਵਿਦਿਆਰਥੀਆਂ ਲਈ)

**ਦਸਵੀਂ ਦਾ ਪਾਸ ਸਰਟੀਫਿਕੇਟ (ਜਿਸ ਤੇ ਜਨਮ ਮਿਤੀ ਹੋਵੇ)।**

**ਬੀ.ਏ ਦੇ ਦਾਖ਼ਲੇ ਲਈ ਅਤਿ ਜਰੂਰੀ**

1. ਪਿਛਲੇ ਪਾਸ ਕੀਤੇ ਇਮਤਿਹਾਨ ਦਾ ਅਸਲ ਸਰਟੀਫਿਕੇਟ ਨੰਬਰ ਕਾਰਡ।

2. ਫਾਰਮ ਉੱਪਰ ਲਗਾਉਣ ਲਈ ਪਾਸਪੋਰਟ ਸਾਇਜ਼ ਫੋਟੋ।

3. ਜੇਕਰ ਕਿਸੇ ਹੋਰ ਯੂਨੀਵਰਸਿਟੀ ਤੋਂ ਤਬਦੀਲੀ ਉਪਰੰਤ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ।

4. ਦਾਖ਼ਲੇ ਲਈ ਪਿਛਲੀ ਸੰਸਥਾ ਦੇ ਮੁਖੀ ਤੋਂ ਵਿਦਿਆਰਥੀ ਦਾ ਚਰਿੱਤਰ ਪ੍ਰਮਾਣ ਪੱਤਰ ਅਤਿ ਜਰੂਰੀ।

5. ਦਾਖਲਾ ਲੈਣ ਵੇਲੇ ਵਿਦਿਆਰਥੀ ਦਾ ਹਾਜ਼ਰ ਹੋਣਾ ਜਰੂਰੀ ਹੈ।

6. ਵਿਦਿਆਰਥੀ ਆਪਣਾ ਦਾਖਲਾ ਫਾਰਮ ਤੇ ਪ੍ਰੀਖਿਆ ਫਾਰਮ ਭਰਨ ਲਈ ਨਿੱਜੀ ਤੌਰ ਤੇ ਜੁੰਮੇਵਾਰ ਹੋਵੇਗਾ।

7. ਯੂਨੀਵਰਸਿਟੀ ਪ੍ਰੀਖਿਆ ਫਾਰਮ ਅਤੇ ਯੂਨੀਵਰਸਿਟੀ ਫੀਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਖੁਦ ਦੀ ਹੋਵੇਗੀ।

8. ਯੂਨੀਵਰਸਿਟੀ ਇਮਿਤਿਹਾਨ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਨਿਰਧਾਰਿਤ ਹਾਜ਼ਰੀਆਂ ਪੂਰੀਆਂ ਹੋਣੀਆ ਅਤਿ ਜਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਪ੍ਰੀਖਿਆ ਵਿੱਚ ਪੇਪਰ ਲਈ ਬੈਠਣ ਦੀ ਮਨਾਹੀ।

9. ਕਿਸੇ ਵੀ ਕਿਸਮ ਨਾਲ ਪੇਪਰ ਦੇਣ ਲਈ ਆਯੋਗ ਹੋਣ ਦੀ ਸੂਰਤ ਵਿੱਚ ਕਾਲਜ ਜਿੰਮੇਵਾਰ ਨਹੀਂ ਹੋਵੇਗਾ ਅਤੇ ਦਾਖਲਾ ਰੱਦ ਕੀਤਾ ਜਾਵੇਗਾ।

10. ਦਾਖਲਾ ਹੋਣ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੇਟ ਫੀਸ ਲਈ ਜਾਵੇਗੀ।

# ਸੰਸਥਾਗਤ ਨਿਯਮਾਂਵਲੀ ਨੈਤਿਕ ਸਿੱਖਿਆ ਸੰਬੰਧੀ ਨਿਯਮ

1. ਵਿਦਿਆਰਥੀ ਕੋਲ ਕਾਲਜ ਵੱਲੋਂ ਜਾਰੀ ਕੀਤਾ ਗਿਆ ਸ਼ਨਾਖਤੀ ਕਾਰਡ (ਮੁਕੰਮਲ ਰੂਪ ਵਿੱਚ ਭਰਿਆ ਹੋਇਆ ਹੋਣਾ ਜਰੂਰੀ ਹੈ)।
2. ਲੋੜ ਪੈਣ ਤੇ ਸ਼ਨਾਖਤੀ ਕਾਰਡ ਦਿਖਾਉਣਾ ਅਤਿ ਜਰੂਰੀ ਹੈ।
3. ਪ੍ਰਿੰਸੀਪਲ ਤੋਂ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਮੀਟਿੰਗ/ਸਮਾਗਮ ਕਾਲਜ ਵਿੱਚ ਨਹੀਂ ਕੀਤਾ ਜਾ ਸਕਦਾ।
4. ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ ਮਨਾਹੀ ਹੈ, ਰੈਗਿੰਗ ਇੱਕ ਕਾਨੂੰਨੀ ਅਪਰਾਧ ਹੈ।
5. ਕਾਲਜ ਕੈਂਪਸ ਨੂੰ ਸਾਫ਼ ਸੁਥਰਾ ਰੱਖਣਾ ਹਰ ਵਿਦਿਆਰਥੀ ਦਾ ਨੈਤਿਕ ਫਰਜ਼ ਹੈ। ਕਿਸੇ ਵੀ ਤਰ੍ਹਾਂ ਦੀ ਕੁਤਾਹੀ ਲਈ ਵਿਦਿਆਰਥੀ ਜੁੰਮੇਵਾਰ ਹੋਵੇਗਾ।
6. ਕਾਲਜ ਵਿੱਚ ਅਨੁਸ਼ਾਸਨ ਬਣਾ ਕੇ ਰੱਖਣਾ ਹਰੇਕ ਵਿਦਿਆਰਥੀ ਦਾ ਨੈਤਿਕ ਫਰਜ਼ ਹੈ।
7. ਕਾਲਜ ਵਿੱਚ ਗੈਰ ਵਿਦਿਆਰਥੀ ਬਿਨਾਂ ਕਿਸੇ ਕਾਰਨ ਦੇ ਲਿਆਉਣਾ ਵਰਜਿਤ ਹੈ।
8. ਵਿਦਿਆਰਥੀ ਕੈਂਪਸ ਵਿੱਚ ਸ਼ਾਂਤੀ ਬਣਾਏ ਰੱਖਣ।
9. ਵਿਦਿਆਰਥੀਆਂ ਵਲੋਂ ਕਾਲਜ ਵਿੱਚ ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਕੋਈ ਵੀ ਅਜਿਹਾ ਕਾਰਜ ਨਹੀਂ ਕੀਤਾ ਜਾਵੇਗਾ ਜਿਸ ਦਾ ਸਬੰਧ ਕਿਸੇ ਰਾਜਨੀਤਿਕ ਗਤੀਵਿਧੀ ਨਾਲ ਪੂਰਨ ਜਾਂ ਅੰਸ਼ਕ ਰੁਪ ਵਿੱਚ ਹੋਵੇ।
10. ਕਾਲਜ ਵਿੱਚ ਅਭੱਦਰ ਭਾਸ਼ਾ ਦੀ ਵਰਤੋਂ ਦੀ ਸਖ਼ਤ ਮਨਾਹੀ ਹੈ।
11. ਵਿਦਿਰਾਥੀ ਆਪਣੇ ਸਹਿਪਾਠੀਆਂ, ਅਧਿਆਪਕਾਂ, ਕਾਲਜ ਕੈਂਪਸ ਵਿੱਚ ਕੰਮ ਕਰਦੇ ਕਰਮਚਾਰੀਆਂ ਖਾਸ ਕਰਕੇ ਲੜਕੀਆਂ/ਔਰਤਾਂ ਪ੍ਰਤੀ ਸ਼ਾਲੀਨਤਾ ਵਾਲੇ ਵਿਵਹਾਰ ਦਾ ਪ੍ਰਗਟਾਵਾ ਕਰਨਗੇ।
12. ਕਿਸੇ ਪ੍ਰਕਾਰ ਦੇ ਹਥਿਆਰ(ਨੁਕੀਲੇ ਜਾਂ ਘਾਤਕ) ਦੀ ਸਖਤ ਮਨਾਹੀ ਹੈ।
13. ਕਾਲਜ ਨੂੰ ਨਸ਼ਾ ਮੁਕਤ ਜ਼ੋਨ ਕਰਾਜ ਦਿੱਤਾ ਹੈ। ਵਿਦਿਆਰਥੀ ਜੇਕਰ ਅਜਿਹੇ ਕਿਸੇ ਕੇਸ ਵਿੱਚ ਦੋਸ਼ੀ ਪਾਇਆ ਜਾਂਦਾ ਹੈ ਤਾਂ ਕਾਨੂੰਨੀ ਕਾਰਵਾਈ ਹੋਵੇਗੀ। ਸਿਗਰੇਟਨੋਸ਼ੀ, ਸ਼ਰਾਬ ਪੀਣੀ, ਤੰਬਾਕੂ ਆਦਿ ਪੂਰੀ ਤਰ੍ਹਾਂ ਵਰਜਿਤ ਹੈ।
14. ਮੋਟਰਸਾਈਕਲ/ਕਾਰ/ਸਕੂਟਰ ਨੂੰ ਕੇਵਲ ਤੇ ਕੇਵਲ ਪਾਰਕਿੰਗ ਵਿੱਚ ਹੀ ਖੜੀ ਕਰਨਾ ਹੈ। ਕੈਂਪਸ ਵਿੱਚ ਇਹਨਾਂ ਦਾ ਦਾਖਲਾ ਵਰਜਿਤ ਹੈ।
15. ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਤੇ 14 ਨੰਬਰ ਨਿਯਮ ਲਾਗੂ ਨਹੀਂ ਹੁੰਦਾ ਹੈ।
16. ਕਾਲਜ ਵਿੱਚ Eco friendly ਵਾਹਨਾਂ ਨੂੰ ਕਾਲਜ ਕੈਂਪਸ ਵਿੱਚ ਜਾਣ ਦੀ ਇਜ਼ਾਜਤ ਹੈ।
17. ਕਿਸੇ ਪ੍ਰਕਾਰ ਦੇ ਕੂੜਾ ਕਰਕਟ ਨੂੰ ਖਾਸ ਕਰਕੇ ਪੱਤਿਆਂ ਆਦਿ ਨੂੰ ਕਾਗਜਾਂ ਨੂੰ ਵਿਦਿਆਰਥੀ/ਕਰਮਚਾਰੀ ਅੱਗ ਨਹੀਂ ਲੱਗਾ ਸਕਦੇ।
18. ਕਾਲਜ ਵਿੱਚ ਫੁੱਲਦਾਰ ਪੌਦਿਆਂ ਤੋਂ ਫੁੱਲ ਤੋੜਨਾ ਮਨ੍ਹਾ ਹੈ।

19. ਕਾਲਜ ਕੈਂਪਸ ਵਿੱਚ ਵਿਚਰ ਰਹੇ ਜੀਵ, ਜੰਤੂਆਂ ਪੰਛੀਆਂ ਨੂੰ ਡਰਾਉਣਾ ਜਾਂ ਮਾਰਨਾ ਵੀ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ।

20. ਪਾਬੰਦੀਸ਼ੁਦਾ ਪਲਾਸਟਿਕ ਬਿਲਕੁਲ ਨਹੀਂ ਵਰਤੀ ਜਾਣੀ ਚਾਹੀਦੀ।

21. ਪਾਣੀ ਦੀ ਸਹੀ ਵਰਤੋਂ ਹੀ ਕੀਤੀ ਜਾਣੀ ਲਾਜ਼ਮੀ ਹੈ।

22. ਗਰਮੀਆਂ ਵਿੱਚ ਕਾਲਜ ਕੈਂਪਸ ਵਿਚਲੇ ਪਾਰਕਾਂ/ਪੌਦਿਆਂ ਨੂੰ ਛੱਡ ਕੇ ਵਾਧੂ ਪਾਣੀ ਡੋਲਣਾ ਵਰਜਿਤ ਹੈ। ਹੁਕਮ ਦੀ ਪਾਲਣਾ ਨਾ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ।

23. ਕਾਲਜ ਵਿੱਚ ਆਯੋਜਤ ਕੀਤੇ ਜਾ ਰਹੇ ਕਿਸੇ ਵੀ ਸਮਾਗਮ ਵਿੱਚ ਸੀਨੀਅਰ ਸਿਟੀਜਨ ਲਈ ਵਿਸ਼ੇਸ਼ ਜ਼ੋਨ ਸਥਾਪਿਤ ਕਰਨਾ ਅਤਿ ਜਰੂਰੀ ਹੈ।

24. ਕਾਲਜ ਲਈ ਵਿਸ਼ੇਸ਼ ਤੌਰ ਤੇ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਦੀ ਸਰਕਾਰੀ ਬੱਸ ਵਿੱਚ ਪਹਿਲੀਆਂ ਦਸ ਸੀਟਾਂ (1 ਤੋਂ 10) ਲੜਕੀਆਂ ਲਈ ਰਾਖਵੀਆਂ ਹਨ।

25. ਸ਼ਿਕਾਇਤ ਨਿਵਾਰਨ ਕਮੇਟੀ (ਲੜਕੇ/ਲੜਕੀਆਂ) ਸਮੇਂ-2 ਸਿਰ ਲੋੜ ਪੈਣ ਤੇ ਵਿਸ਼ੇਸ਼ ਮੀਟਿੰਗ ਬੁਲਾਉਣ ਦਾ ਅਧਿਕਾਰ ਰੱਖਦੀ ਹੈ।

26. ਵਿਦਿਆਰਥੀ ਨੂੰ ਕਾਲਜ ਪ੍ਰਸ਼ਾਸਨ ਵਲੋਂ ਬਣਾਏ ਨਿਯਮਾਂ ਦੀ ਪੂਰੀ ਜਾਣਕਾਰੀ ਪ੍ਰਾਸਪੈਕਟ (ਚਲੰਤ ਸਾਲ) ਵਿੱਚ ਦਿੱਤੀ ਜਾਂਦੀ ਹੈ।

27. ਕਿਸੇ ਕਿਸਮ ਦੀ ਜਾਣਕਾਰੀ ਨੋਟਿਸ ਬੋਰਡ ਰਾਹੀਂ ਦਿੱਤੀ ਜਾਂਦੀ ਹੈ।

28. ਵਿਦਿਆਰਥੀਆਂ ਦੇ ਮਾਪੇ ਕਿਸੇ ਵੀ ਕੰਮ ਕਾਜੀ ਦਿਨ ਪ੍ਰਿੰਸੀਪਲ(ਕਾਲਜ) ਨੂੰ ਸਵੇਰੇ 10:00 ਵਜੇਂ ਤੋਂ 1:00 ਵਜੇ ਤੱਕ ਮਿਲ ਸਕਦੇ ਹਨ ਬਸ਼ਰਤੇ ਉਹ ਕਿਸੇ ਮੀਟਿੰਗ ਵਿੱਚ ਸ਼ਾਮਲ ਨਾ ਹੋਣ।

29. ਸੰਸਥਾ ਦੀ ਸੰਪਤੀ ਵਿਦਿਆਰਥੀ ਅਧਿਆਪਕਾਂ ਅਤੇ ਸਮੂਹ ਦੀ ਸਾਂਝੀ ਸਪੰਤੀ ਹੈ। ਇਸ ਲਈ ਕਿਸੇ ਪ੍ਰਕਾਰ ਦੇ ਨੁਕਸਾਨ ਦੀ ਭਰਪਾਈ ਸਬੰਧਤ ਹੀ ਕਰੇਗਾ।

30. ਕਾਲਜ ਦੇ ਕਿਸੇ ਵੀ ਸਮਾਗਮ ਵਿੱਚ ਹਥਿਆਰਾਂ ਨੂੰ ਪ੍ਰਮੋਟ ਕਰਦੇ, ਅਸ਼ਲੀਲਤਾ ਦਾ ਪ੍ਰਸਾਰ ਕਰਦੇ, ਔਰਤ ਪ੍ਰਤੀ ਮੰਦ ਭਾਵਨਾ ਦਾ ਪ੍ਰਗਟਾਵਾ ਕਰਦੇ ਗੀਤ/ਗਾਣੇ ਪੂਰੀ ਤਰ੍ਹਾਂ ਵਰਜਿਤ ਹਨ। ਉਲਘੰਣਾ ਦੀ ਸਥਿਤੀ ਵਿੱਚ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

# ਲਾਇਬਰੇਰੀ ਦੇ ਨਿਯਮ

ਕਾਲਜ ਦੀ ਲਾਇਬਰੇਰੀ ਦਾ ਨਾਂ ਗੁਰੂ ਨਾਨਕ ਦੇਵ ਲਾਇਬਰੇਰੀ ਹੈ ਜ਼ੋ ਕਿ ਪੋਸਟ ਗ੍ਰੇਜੂਏਸ਼ਨ ਵਿੰਗ ਨਾਂਲ ਸਥਿੱਤ ਹੈ। ਕਾਲਜ ਦੀ ਲਾਇਬਰੇਰੀ ਵਿੱਚ ਕੰਪਿਊਟਰ ਸਾਇੰਸ, ਆਰਟਸ, ਕਮਰਸ ਅਤੇ ਧਰਮ ਦੇ ਵਿਸ਼ਿਆ ਨਾਲ ਸਬੰਧਿਤ ਹਜ਼ਾਰਾ ਪੁਸਤਕਾਂ ਉਪਲੱਬਧ ਹਨ। ਇਸ ਤੋਂ ਇਲਾਵਾ ਇੰਨ੍ਹਾਂ ਵਿਸ਼ਿਆਂ ਵਿੱਚ ਹਰ ਸਾਲ ਨਵੀਆਂ ਕਿਤਾਬਾਂ ਵੀ ਖਰੀਦੀਆਂ ਜਾਂਦੀਆਂ ਹਨ। ਵਿਦਿਆਰਥੀਆਂ ਵਿੱਚ ਕੋਰਸ ਨਾਲ ਸਬੰਧਿਤ ਅਤੇ ਪੜ੍ਹਾਈ ਨਾਲ ਸਬੰਧਿਤ ਵੱਧ ਤੋਂ ਵੱਧ ਜਾਣਕਾਰੀ ਇੱਕਤਰਿਤ ਕਰਨ ਅਤੇ ਪੜ੍ਹਨ ਦੀ ਰੁਚੀ ਨੂੰ ਵਿਕਸਿਤ ਕਰਨ ਹਿੱਤ ਅਧਿਐਨਸ਼ਾਲਾ (ਰੀਡਿੰਗ ਰੂਮ) ਵੀ ਲਾਇਬਰੇਰੀ ਵਿੱਚ ਸਥਿਤ ਹੈ। ਇਥੇ ਵਿਦਿਆਰਥੀ ਆਪੋ ਆਪਣੇ ਵਿਸ਼ਿਆਂ ਨਾਲ ਸਬੰਧਿਤ ਸਮੱਗਰੀ ਤੋਂ ਇਲਾਵਾ ਵਿਭਿੰਨ ਅਖਬਾਰਾਂ, ਰਸਾਲਿਆਂ ਅਤੇ ਹੋਰ ਗਿਆਨ-ਵਰਧਕ ਪੁਸਤਕਾਂ, ਲੇਖਣ ਸਮੱਗਰੀ ਪੜ੍ਹ ਸਕਦੇ ਹਨ। ਕਾਲਜ ਪੁਸਤਕਾਲਾ ਵਿੱਚ ਬੁੱਕ ਬੈਂਕ ਦਾ ਵੱਖਰਾ ਪ੍ਰਬੰਧ ਹੈ। ਜਿਸ ਵਿੱਚੋਂ ਲੋੜਵੰਦ ਹੋਣਕਾਰ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਸਾਰੇ ਸੈਸ਼ਨ ਵਿੱਚ ਉਧਾਰ ਦੇਣ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

## ਨਿਯਮਾਂਵਲੀ

1. ਲਾਇਬਰੇਰੀ ਅੰਦਰ ਵਿਦਿਆਰਥੀਆਂ ਦੁਆਰਾ ਸ਼ਾਂਤੀ ਬਣਾਈ ਰੱਖਣਾ ਬਹੁਤ ਜਰੂਰੀ ਹੈ ਅਤੇ ਉਹ ਲਾਇਬਰੇਰੀ ਅੰਦਰ ਕਿਸੇ ਵੀ ਤਰ੍ਹਾਂ ਦਾ ਵਿਚਾਰ ਵਟਾਂਦਰਾ ਕਰਨਾ ਮਨ੍ਹਾਂ ਹੈ।
2. ਲਾਇਬਰੇਰੀ ਅੰਦਰ ਮੋਬਾਇਲ ਫੋਨ ਵਰਤੋਂ ਕਰਨ ਦੀ ਮਨਾਹੀ ਹੈ।
3. ਲਾਇਬਰੇਰੀ ਰਜਿਸਟਰ ਉੱਪਰ ਵਿਦਿਆਰਥੀ ਦੇ ਦਸਤਖਤ ਹੋਣੇ ਜਰੂਰੀ ਹਨ।
4. ਪੁਸਤਕ ਉਪਰ ਨਿਸ਼ਾਨ ਲਾਉਣ ਜਾਂ ਖਰਾਬ ਕਰਨ ਜਾਂ ਗੁਆਉਣ ਦੀ ਸੂਰਤ ਵਿੱਚ ਪੁਸਤਕਾਂ ਦੀ ਚੁੱਗਣੀ ਕੀਮਤ ਦੇਣੀ ਪਵੇਗੀ ਜਾਂ ਉਹਨਾਂ ਦੇ ਬਦਲੇ ਵਿੱਚ ਨਵੀਆਂ ਕਿਤਾਬਾਂ ਲੈ ਕੇ ਦੇਣੀਆਂ ਪੈਣਗੀਆਂ ਜੇ ਅਜਿਹੀ ਪੁਸਤਕ ਕਿਸੇ ਸੈੱਟ ਦੇ ਨਾਲ ਦੀ ਹੈ ਤਾਂ ਪੂਰਾ ਸੈੱਟ ਹੀ ਲੈ ਕੇ ਦੇਣਾ ਪਵੇਗਾ ਜਾਂ ਉਸ ਸੈਟ ਦੀ ਕੀਮਤ ਭਰਨੀ ਪਵੇਗੀ।
5. ਕਾਲਜ ਦੇ ਹਰ ਵਿਦਿਆਰਥੀ ਨੂੰ ਇਕ ਸਮੇਂ ਕੇਵਲ ਦੋ ਪੁਸਤਕਾਂ ਕੱਢਵਾ ਸਕਦਾ ਹੈ ਅਤੇ 14 ਦਿਨ ਤੱਕ ਰੱਖ ਸਕਦਾ ਹੈ। ਲੰਮੀਆਂ ਛੁੱਟੀਆਂ ਸਮੇਂ ਕਾਲਜ ਦੁਬਾਰਾ ਖੁੱਲਣ ਤੋਂ ਬਾਅਦ ਤਿੰਨ ਦਿਨ ਦੇ ਅੰਦਰ ਜਮ੍ਹਾਂ ਕਰਵਾ ਸਕਦਾ ਹੈ।
6. ਵਿਦਿਆਰਥੀ ਲਾਇਬ੍ਰੇਰੀ ਤੋਂ ਇਲਾਵਾ E-Resource ਰਾਹੀਂ ਵੀ ਪੁਸਤਕਾਂ ਪੜ੍ਹ ਸਕਦੇ ਹਨ। ਇਹ ਸੁਵਿਧਾ ਲਾਇਬ੍ਰੇਰੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਐਨ.ਐਸ.ਐਸ. ਦੇ ਨਿਯਮ

ਵਿਦਿਆਰਥੀਆਂ ਵਿੱਚ ਲੋਕ ਭਲਾਈ ਸਮਾਜ ਸੇਵਾ ਅਤੇ ਹੱਥੀ ਕੰਮ ਕਰਨ ਦੀ ਇੱਛਾ ਪੈਦਾ ਕਰਨ ਲਈ ਕਾਲਜ ਵਿੱਚ ਐਨ.ਐਸ.ਐਸ ਦੀਆਂ ਢਾਈ ਯੂਨਿਟਾਂ ਕਾਇਮ ਹਨ। ਜਿੰਨ੍ਹਾਂ ਵਿੱਚ ਇੱਕ ਯੂਨਿਟ ਵੱਖਰੇ ਤੌਰ ਤੇ ਲੜਕੀਆਂ ਲਈ ਉਪਲੱਬਧ ਹੈ। ਸੈਸ਼ਨ ਸ਼ੁਰੂ ਹੁੰਦਿਆਂ ਹੀ ਵਲੰਟੀਅਰ ਦੀ ਭਰਤੀ ਕੀਤੀ ਜਾਂਦੀ ਹੈ। ਵਲੰਟੀਅਰਜ਼ ਦੇ ਇੱਕ ਰੋਜ਼ਾ, ਸੱਤ ਰੋਜ਼ਾ ਕੈਂਪ ਬਾਲਗ ਸਿੱਖਿਆ ਵਾਤਾਵਰਣ ਜਾਗਰੂਕਤਾ, ਆਦਿ ਪ੍ਰੋਗਰਾਮ ਕਾਲਜ ਪੱਧਰ ਤੇ ਉਲੀਕੇ ਜਾਂਦੇ ਹਨ। ਯੋਗ ਵਲੰਟੀਅਰਜ਼ ਨੂੰ ਅੰਤਰ ਯੂਨੀਵਰਸਿਟੀ ਅਤੇ ਅੰਤਰਰਾਜੀ ਕੈਂਪਾਂ ਵਿੱਚ ਭੇਜਿਆ ਜਾਂਦਾ ਹੈ।

| | | |
|---|---|---|
| ਐਨ.ਐਸ.ਐਸ.ਯੂਨਿਟ ਪਹਿਲੀ | – | 100 ਵਿਦਿਆਰਥੀ |
| ਐਨ.ਐਸ.ਐਸ.ਯੂਨਿਟ ਦੂਸਰੀ | – | 100 ਵਿਦਿਆਰਥੀ |
| ਐਨ.ਐਸ.ਐਸ. ਯੂਨਿਟ ਤੀਸਰੀ (½) | – | 50 ਵਿਦਿਆਰਥੀ |

**ਰੋਲ ਆਫ ਆਨਰ–**

1. ਜਿਹੜਾ ਵਲੰਟੀਅਰ ਅੰਤਰਸਟੇਟ/ਸਰਬ–ਹਿੰਦ/ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਸਮੁੱਚੇ ਤੌਰ 'ਤੇ ਖੂਨਦਾਨ ਪ੍ਰੋਜੈਕਟ ਵਰਕ, ਡਿਬੇਟ, ਭਾਸ਼ਨ, ਅਨੁਸ਼ਾਸਨ ਆਦਿ ਨੂੰ ਜ਼ੋੜ ਕੇ ਪਹਿਲਾਂ ਦੂਜਾ ਸਥਾਨ ਪ੍ਰਾਪਤ ਕਰਦਾ ਹੈ ਜਾਂ ਸਮੁੱਚੇ ਤੌਰ ਤੇ ਬੈਸਟ ਕੈਂਪਰ/ਸੈਕਿੰਡ ਬੈਸਟ ਕੈਂਪਰ ਐਲਾਨਿਆ ਜਾਂਦਾ ਹੈ।

2. ਰਾਸ਼ਟਰੀ ਗਣਤੰਤਰ ਦਿਵਸ ਵਿੱਚ ਭਾਗ ਲੈਣ ਵਾਲੇ ਵਲੰਟੀਅਰਜ਼

ਅ) ਕਾਲਜ ਕਲਰ

1. ਐਨ.ਐਸ.ਐਸ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਕਾਲਜ ਤੇ ਯੂਨੀਵਰਸਿਟੀ ਪੱਧਰ 'ਤੇ ਉੱਚ ਪ੍ਰਾਪਤੀਆਂ ਕੀਤੀਆਂ ਹੋਣ।

2. ਅੰਤਰ–ਰਾਜ/ਅੰਤਰ–ਵਰਸਿਟੀ/ਸਰਬ–ਹਿੰਦ ਕੈਂਪ ਮੁਕਾਬਲਿਆਂ ਵਿੱਚ ਯੂਨੀਵਰਸਿਟੀ/ਸਟੇਟ ਦੀ ਪ੍ਰਤੀਨਿਧਤਾ ਕਰਦੇ ਹੋਏ ਸਮੁੱਚੇ ਤੌਰ ਤੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਾਲੰਟੀਅਰਜ਼

3. ਯੂਨੀਵਰਸਿਟੀ ਵੱਲੋਂ ਆਯੋਜਿਤ ਅੰਤਰ ਕਾਲਜ ਕੈਂਪ ਵਿੱਚ ਸਮੁੱਚੇ ਤੌਰ ਤੇ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਜਾਂ ਬੈਸਟ ਕੈਂਪਰ ਘੋਸ਼ਿਤ ਹੋਣ ਵਾਲੇ ਵਾਲੰਟੀਅਰਜ਼।

4. ਹਰ ਯੂਨਿਟ ਦੇ ਉਹਨਾਂ ਤੋ ਸਰਵੋਤਮ ਵਾਲੰਟੀਅਰਜ਼ ਲੜਕਾ/ਲੜਕੀ ਨੂੰ ਜਿਨ੍ਹਾਂ ਦੀ ਸਿਫ਼ਾਰਸ਼ ਸਬੰਧਿਤ ਪ੍ਰੋਗਰਾਮ ਅਫ਼ਸਰ ਵਲੋਂ ਇੱਕ ਰੋਜ਼ਾ ਕੈਂਪ/ਸੱਤ ਰੋਜ਼ਾ ਕੈਂਪ/ ਅੰਤਰ ਕਾਲਜ ਕੈਂਪ/ਬਾਲਗ ਸਿੱਖਿਆ ਕੇਂਦਰ/ਪ੍ਰੋਜੈਕਟ/ਖੂਨਦਾਨ/ਕੈਟਾਗਿਰੀ ਸਰਟੀਫਿਕੇਟ/ਸਭਿਆਚਾਰਕ ਸਰਗਰਮੀਆਂ/ਰਿਲੀਫ਼ ਕੁਲੈਕਸ਼ਨ ਕੈਂਪ ਦੀਆਂ ਖੇਡਾਂ ਆਦਿ ਦੇ ਆਧਾਰ ਤੇ ਵਲੰਟੀਅਰ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਕੀਤੀ ਹੋਵੇ।

5. ਸੱਤ ਰੋਜ਼ਾ ਕੈਂਪ ਲਈ ਵਲੰਟੀਅਰ ਦੀ ਚੋਣ ਦਾ ਫੈਸਲਾ ਪ੍ਰੋਗਰਾਮ ਅਫ਼ਸਰ ਦਾ ਅੰਤਿਮ ਮੰਨਿਆ ਜਾਵੇਗਾ। ਇਸ ਅੰਤਿਮ ਫੈਸਲੇ ਨੂੰ ਵਿਦਿਆਰਥੀਆਂ ਵਲੋਂ ਚੈਲੇਜ਼ ਨਹੀਂ ਕੀਤਾ ਜਾ ਸਕਦਾ।

ਨੋਟ: ਕਾਲਜ ਕਲਰ ਪ੍ਰਾਪਤ ਕਰਨ ਲਈ ਉਸ ਸਾਲ ਖੂਨਦਾਨ ਕਰਨਾ ਜਰੂਰੀ ਹੋਵੇਗਾ। A,B,C ਸਰਟੀਫਿਕੇਟ ਪ੍ਰਾਪਤ ਕਰਨ ਲਈ ਵੀ ਨਿਰਧਾਰਤ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ।

## 8. ਐਨ.ਸੀ.ਸੀ ਦੇ ਨਿਯਮ

ਅਨੁਸ਼ਾਸਨ ਏਕਤਾ ਅਤੇ ਫੌਜੀ ਸਿਖਲਾਈ ਦੀ ਰੁਚੀ ਨੂੰ ਉਤਸ਼ਾਹਿਤ ਕਰਨ ਲਈ ਲੜਕੀਆਂ ਤੇ ਲੜਕਿਆਂ ਲਈ 20PBBNNCC ਬਠਿੰਡਾ ਦੀ ਇੱਕ ਯੂਨਿਟ ਕਾਰਜਸੀਲ ਹੈ। ਤਿੰਨ ਸਾਲਾਂ ਦੀ ਇਸ ਟ੍ਰੇਨਿੰਗ ਲਈ ਹਰ ਸਾਲ ਪਹਿਲੇ ਸਾਲ ਲਈ ਕੈਡਿਟਾਂ ਦੀ ਭਰਤੀ ਕੀਤੀ ਜਾਂਦੀ ਏ। ਜੋ ਦੂਜੇ ਸਾਲਾਂ ਦੇ ਕੈਡਿਟਾਂ ਨੂੰ ਛੱਡ ਕੇ ਬਾਕੀ ਬੱਚਦੀਆਂ ਸੀਟਾਂ ਲਈ ਹੋਵੇਗੀ। ਨਿਯਮਾਂ ਅਨੁਸਾਰ ਦੂਜੇ ਸਾਲ ਦੀ ਟ੍ਰੇਨਿੰਗ ਵਾਲੇ ਕੈਡਿਟ ਸਾਲਾਨਾ ਕੈਂਪ (CATC) ਲਗਾਕੇ 'ਬੀ' ਸਰਟੀਫਿਕੇਟ ਦੇ ਇਮਤਿਹਾਨ ਵਿੱਚ ਬੈਠ ਸਕਦੇ ਹਨ। ਤੀਜੇ ਸਾਲ ਕੈਡਿਟ (ਬੀ ਸਰਟੀਫਿਕੇਟ ਪਾਸ) ਦੂਜੀਆਂ ਸ਼ਰਤਾਂ ਪੂਰੀਆਂ ਕਰਕੋਂ ਸੀ' ਸਰਟੀਫਿਕੇਟ ਵਿੱਚ ਬੈਅ ਸਕਣਗੇ। ਇਕ ਸੈਸ਼ਨ ਦੌਰਾਨ ਹਰ ਕੈਡਿਟ ਲਈ ਕੁੱਲ 40 ਪਰੇਡਾਂ ਵਿੱਚ ਭਾਗ ਲੈਣਾ ਜਰੂਰੀ ਹੋਵੇਗਾ। ਗੈਰ ਹਾਜ਼ਰ ਵਿਦਿਆਰਥੀਆਂ ਨੂੰ ਜੁਰਮਾਨੇ ਤੋ ਇਲਾਵਾਂ ਕਿਸੇ ਵੀ ਇਮਤਿਹਾਨ ਵਿੱਚ ਬੈਠਣ ਤੋਂ ਰੋਕਿਆ ਜਾ ਸਕਦਾ ਹੈ। ਐਨ.ਸੀ.ਸੀ. ਮੌਜੂਦਾ ਸਮੇਂ ਦੇ ਇੰਚਾਰਜ ਮਿਸਜ਼ ਕਮਲਜੀਤ ਕੌਰ (ਕੰਪਿਊਟਰ ਸਾਇੰਸ) ਹਨ।

## ਐਨ.ਸੀ.ਸੀ.

ੳ) ਰੋਲ ਆਫਰ ਆਨਰ

1. ਗਣਤੰਤਰ ਦਿਵਸ ਪਰੇਡ ਵਿੱਚ ਭਾਗ ਲੈਣ ਜਾਂ ਆਲ ਇੰਡੀਆ ਪੱਧਰ ਬੈਸਟ ਕੈਡਿਟ/ਸੈਕਿੰਡ ਬੈਸਟ ਕੈਡਿਟ ਘੋਸ਼ਿਤ ਹੋਣ ਵਾਲੇ ਨੂੰ।

1) ਥਲ-ਸੈਨਾ ਕੈਂਪ ਮੌਕੇ ਤੇ ਦਿੱਲੀ ਵਿਖੇ ਸਟੇਟ/ਡਾਇਰੈਕਟਰ ਵੱਲੋਂ ਗਣਤੰਤਰ ਦਿਵਸ ਵਿੱਚ ਸ਼ਾਮਲ ਹੋਣ ਵਾਲੇ ਨੂੰ।

2) ਦਿੱਲੀ ਵਿਖੇ ਐਨ.ਸੀ.ਸੀ. ਸੈਨਿਕ ਲੀਡਰਸ਼ਿਪ ਕੈਂਪ/ਆਰਮੀ ਅਟੈਚਮੈਂਟ ਕੈਂਪ ਦੇ ਬੈਸਟ ਕੈਡਿਟ/ਸੈਕਿੰਡ ਬੈਸਟ ਕੈਡਿਟ ਨੂੰ

3) ਕੰਪਨੀ ਦੇ ਸਰਜੰਟ/ਅੰਡਰ ਅਫ਼ਸਰ ਜਿਹੜਾ ਹੇਠ ਲਿਖੀਆਂ ਵਿੱਚੋਂ ਕੋਈ ਦੋ ਸ਼ਰਤਾਂ ਪੂਰੀਆਂ ਕਰੇ।

ੳ) ਬੀ ਸਰਟੀਫਿਕੇਟ ਪਾਸ ਕੀਤਾ ਹੋਵੇ ਅਤੇ ਸੀ (C) ਦੇ ਯੋਗ ਮੰਨਿਆ ਜਾਵੇ।

ਅ) ਕੰਪਨੀ ਦਾ ਸਰਵੋਤਮ ਨਿਸ਼ਾਨੇਬਾਜ ਹੋਵੇ।

ੲ) ਪੂਰਣ-ਗਣਤੰਤਰ ਦਿਵਸ ਮੌਕੇ ਕੈਂਪ ਲਈ ਚੁਣਿਆ ਗਿਆ ਹੋਵੇ।

ਸ) ਅੰਤਰ ਰਾਜੀ ਕੌਮੀ ਏਕਤਾ ਕੈਂਪ ਲਈ ਚੁਣਿਆ ਗਿਆ ਹੋਵੇ।

ਹ) ਸਰਬ ਹਿੰਦ ਹਾਈ-ਕਿੰਗ ਟਰੈਕਿੰਗ ਕੈਂਪ ਲਗਾਇਆ ਹੋਵੇ।

ਕ) ਪਰਬਤ ਚੜ੍ਹਣ ਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ।

ਖ) ਥਲ ਸੈਨਾ ਕੈਂਪ ਲਗਾਇਆ ਹੋਵੇ।

ਗ) ਕੰਬਾਈਂਡ ਐਨੂਅਲ ਟ੍ਰੇਨਿੰਗ ਕੈਂਪ ਲਗਾਇਆ ਹੋਵੇ।

ਨੋਟ:-

1. ਐਨ.ਸੀ.ਸੀ ਦੀ ਇੱਕ ਪਲਟੂਨ ਵਿੱਚ ਵੱਧ ਤੋਂ ਵੱਧ ਦੋ ਕਲਰ ਦਿੱਤੇ ਜਾ ਸਕਦੇ ਹਨ।
2. ਹਰ ਵਿਦਿਆਰਥੀ ਲਈ ਇੱਕ ਵਰ੍ਹੇ ਵਿੱਚ 40 ਪਰੇਡਾਂ ਵਿੱਚ ਸ਼ਾਮਿਲ ਹੋਣਾ ਜਰੂਰੀ ਹੈ। ਕੁੱਲ ਸੀਟਾਂ 55 ਹਨ।
3. ਕੈਡਿਟ ਦੀ ਚੋਣ, ਬਟਾਲੀਅਨ ਦੇ P.I. ਸਟਾਫ਼ ਵਲੋਂ ਜੁਲਾਈ ਦੇ ਅੰਤ ਜਾਂ ਅਗਸਤ ਦੇ ਪਹਿਲੇ ਹਫ਼ਤੇ ਕੀਤੀ ਜਾਂਦੀ ਹੈ।
4. ਕੈਡਿਟ ਦੀ ਚੋਣ ਵੇਲੇ ਹਿੰਦੀ, ਅੰਗਰੇਜ਼ੀ ਭਾਸ਼ਾ ਦੇ ਗਿਆਨ ਨੂੰ ਅਹਿਮੀਅਤ ਦਿੱਤੀ ਜਾਵੇਗੀ।

# ਖੇਡਾਂ ਦੇ ਨਿਯਮ

ਕਾਲਜ ਵਿੱਚ ਹਰ ਪ੍ਰਕਾਰ ਦੀਆਂ ਖੇਡਾਂ ਲਈ ਅਤਿ ਆਧੁਨਿਕ ਤਕਨੀਕ ਨਾਲ ਭਰਪੂਰ ਸ੍ਰ: ਗੁਰਦੇਵ ਸਿੰਘ ਯਾਦਗਾਰੀ ਸਟੇਡੀਅਮ ਉਪਲੱਬਧ ਹੈ। ਇੰਨਡੋਰ ਖੇਡਾਂ ਲਈ ਆਡੀਟੋਰੀਅਮ ਉਸਾਰੀ ਅਧੀਨ ਹੈ। ਇਸ ਤੋਂ ਇਲਾਵਾ ਕਾਲਜ ਵਿੱਚ ਬੈਡਮਿੰਟਨ, ਬਾਸਕਿਟਬਾਲ, ਹੈਡਬਾਲ, ਖੋ-ਖੋ, ਬਾਕਸਿਗ, ਕੁਸ਼ਤੀਆਂ, ਵੇਟ ਲਿਫਟਿੰਗ, ਕ੍ਰਿਕਟ ਵਾਲੀਵਾਲ ਦੀਆਂ ਹਰ ਸਾਲ ਟਰਾਇਲ ਲੈ ਕੇ ਬਣਾਈਆਂ ਜਾਂਦੀਆਂ ਹਨ। ਖੇਡ ਵਿਭਾਗ ਦੇ ਮੁਖੀ ਵਿਦਿਆਰਥੀਆਂ ਦੀ ਯੋਗਤਾ ਅਨੁਸਾਰ ਨਵੀਂ ਟੀਮ ਬਣਾ ਸਕਦੇ ਹਨ।

ੳ) ਰੋਲ ਆਫ਼ ਆਨਰ (ਖੇਡਾਂ)

1. ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲੀ ਜਾਂ ਦੂਜੀ ਪੂਜੀਸ਼ਨ ਲੈਣ ਵਾਲਾ ਖਿਡਾਰੀ ਜਾਂ ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਖੇਡ ਮੁਕਾਬਲਿਆਂ ਵਿੱਚੋਂ ਪਹਿਲੇ ਜਾਂ ਦੂਜੇ ਨੰਬਰ ਤੇ ਆਉਣ ਵਾਲੀ ਟੀਮ ਮੈਂਬਰ ਖਿਡਾਰੀ।
2. ਆਲ-ਇੰਡੀਆਂ, ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ ਜੇਤੂ ਟੀਮ ਦਾ ਮੈਂਬਰ ਖਿਡਾਰੀ।
3. ਇੰਟਰਨੈਸ਼ਨਲ ਜਾਂ (ਵਿਸ਼ਵ ਅੰਤਰ-ਯੂਨੀਵਰਸਿਟੀ) ਮੁਕਾਬਲੇ ਦੀ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।
4. ਸਟੇਟ (ਸੀਨੀਅਰ) ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ। ਸ਼ਰਤ ਇਹ ਹੈ ਕਿ ਉਸਨੇ ਕਾਲਜ ਵੱਲੋਂ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਾਂ ਉਸ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।
5. ਯੂਨੀਵਰਸਿਟੀ ਜਾਂ ਸਟੇਟ ਸੀਨੀਅਰ ਚੈਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਤ ਕਰਨ ਵਾਲਾ ਖਿਡਾਰੀ।
6. ਲਗਾਤਾਰ ਤਿੰਨ ਵਾਰ ਸਰਵੋਤਮ ਖਿਡਾਰੀ ਨੂੰ Role of Honour ਦਿੱਤਾ ਜਾਵੇਗਾ।

## ਅ) ਕਾਲਜ ਕਲਰ

1. ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਯਤਾ ਕਰਨ ਵਾਲਾ ਖਿਡਾਰੀ।
2. ਆਲ ਇੰਡੀਆਂ, ਅੰਤਰ ਯੂਨੀਵਰਸਿਟੀ/ਅੰਤਰ ਸਟੇਟ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਟੀਮ ਖੇਡ ਵਿੱਚ ਘੱਟੋ-ਘੱਟ ਤੀਸਰਾ ਸਥਾਨ ਹਾਸਲ ਕਰਨ ਵਾਲੇ ਨੂੰ।
3. ਯੂਨੀਵਰਸਿਟੀ ਪੱਧਰ ਤੇ ਖੇਡਾਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜਾਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਖਿਡਾਰੀ।
4. ਸਟੇਟ ਚੈਪੀਅਨਸ਼ਿਪ(ਸੀਨੀਅਰ) ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜਾਂ ਸਟੇਟ ਚੈਪੀਅਨਸ਼ਿਪ ਵਿੱਚ ਜੇਤੂ ਟੀਮ ਦਾ ਮੈਂਬਰ।
5. ਕਾਲਜ ਦਾ ਸਰਵ-ਉੱਤਮ ਐਥਲੀਟ (ਖਿਡਾਰੀ/ਖਿਡਾਰਨ)

# ਯੁਵਕ ਭਲਾਈ ਸੱਭਿਆਚਾਰਕ ਵਿਭਾਗ

ਕਾਲਜ ਵਿਖੇ ਸੱਭਿਆਚਾਰਕ ਤੇ ਲੋਕਧਾਰਾਈ ਗਤੀਵਿਧੀਆਂ ਨੂੰ ਉਤਸਾਹਿਤ ਕਰਨ ਵਾਲੇ ਸਮੇਂ-ਸਮੇਂ ਸਿਰ ਯੂਨੀਵਰਸਿਟੀ ਮੇਲਿਆਂ ਵਿੱਚ ਹਿੱਸਾ ਲੈਣ ਲਈ ਯੁਵਕ ਭਲਾਈ ਅਤੇ ਸੱਭਿਆਚਾਰਕ ਵਿਭਾਗ ਗਤੀਸ਼ੀਲ ਹੈ। ਜ਼ੋ ਵਿਦਿਆਰਥੀਆਂ ਦੀ ਕਲਾਤਮਕ ਰੁਚੀਆਂ ਨੂੰ ਹੁਲਾਰਾ ਦਿੰਦਾ ਹੈ।

### ੳ) ਰੋਲ ਆਫ਼ ਆਨਰ

1. ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਸਰਬ ਹਿੰਦ-ਅੰਤਰ ਵਰਸਿਟੀ ਯੁਵਕ ਮੁਕਾਬਲਿਆਂ ਵਿੱਚੋਂ ਵਿਅਕਤੀਗਤ ਤੌਰ ਤੇ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਅਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ
2. ਅੰਤਰਰਾਜੀ (Inter State) ਯੁਵਕ ਮੇਲੇ ਵਿੱਚ ਵਿਅਕਤੀਗਤ ਤੌਰ ਤੇ ਅੱਵਲ ਰਹਿਣ ਵਾਲੇ ਨੂੰ।
3. ਆਲ-ਇੰਡੀਆਂ ਅੰਤਰ-ਯੂਨੀਵਰਸਿਟੀ/ਅੰਤਰ ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਰਿਕਸੈਂਡ ਹੋਵੇ।
4. North Zone ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਅਤੇ ਟੀਮ ਮੁਕਾਬਲਿਆਂ ਵਿੱਚ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ।

### ਅ) ਕਾਲਜ ਕਲਰ:

1. ਪੰਜਾਬ ਦੀਆਂ ਅੰਤਰ-ਯੂਨੀਵਰਸਿਟੀ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲਾਂ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਅਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ।
2. ਅੰਤਰ ਜੋਨ(Inter Zone) ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ।
3. ਅੰਤਰ ਜੋਨ (Inter Zone) ਵਿੱਚ ਜੇਤੂ ਰਹਿਣ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ।
4. ਦੂਜੀ ਅੰਤਰ ਜੋਨ (Inter zone) ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।

# ਕੰਟੀਨ ਦੇ ਨਿਯਮ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਕੰਟੀਨ ਦਾ ਪ੍ਰਬੰਧ ਕੀਤਾ ਗਿਆ ਹੈ। ਹਰੇਕ ਸੰਸਥਾ ਚਾਹੇ ਉਹ ਦਫ਼ਤਰੀ ਹੋਵੇ ਜਾਂ ਵਿਦਿਅਕ ਇੱਕ ਕੰਟੀਨ ਦੀ ਜਰੂਰਤ ਅੱਜ ਕੱਲ ਸਮੇਂ ਦੀ ਲੋੜ ਹੈ। ਕਾਲਜ ਵਿੱਚ ਇੱਕ ਬਹੁਤ ਵਧੀਆਂ ਤੇ ਹਵਾਦਾਰ ਇਮਾਰਤ ਕੰਟੀਨ ਲਈ ਰਾਖਵੀਂ ਰੱਖੀ ਹੋਈ ਹੈ। ਕੰਟੀਨ ਦਾ ਸਮਾਂ ਕਾਲਜ ਦੇ ਸਮੇਂ ਅਨੁਸਾਰ ਰੱਖਿਆ ਗਿਆ ਹੈ। ਕਾਲਜ ਦੇ ਸਮੇਂ ਤੋਂ ਬਾਅਦ ਕੰਟੀਨ ਦੀ ਸਹੂਲਤ ਉਪਲੱਬਧ ਨਹੀਂ ਹੈ। ਵਿਦਿਆਰਥੀ ਲੋੜ ਅਨੁਸਾਰ ਕੰਟੀਨ ਵਿਚ ਜਾ ਕੇ ਸਮੇਂ ਸਮੇਂ ਤੇ ਖਾਣ ਵਾਲੀਆਂ ਚੀਜਾਂ ਦਾ ਲਾਭ ਲੈਂਦੇ ਹਨ। ਕਾਲਜ ਕੰਟੀਨ ਦੇ ਨਿਯਮ ਹਨ ਜ਼ੋ ਵਿਦਿਆਰਥੀਆਂ ਲਈ ਇਹਨਾਂ ਨਿਯਮਾ ਦੀ ਪਾਲਣਾ ਕਰਨਾ ਜਰੂਰੀ ਹੈ।

### ਨਿਯਮ:

1. ਕੋਈ ਵੀ ਵਿਦਿਆਰਥੀ ਕੰਟੀਨ ਅੰਦਰਲੀ ਕਿਸੇ ਵਸਤੂ ਦੀ ਭੰਨ ਤੋੜ ਨਹੀਂ ਕਰੇਗਾ। ਅਜਿਹੀ ਸੂਰਤ ਵਿੱਚ ਸਬੰਧਤ ਤੋਂ ਜੁਰਮਾਨਾ ਵਸੂਲਿਆ ਜਾ ਸਕਦਾ ਹੈ।
2. ਵਿਦਿਆਰਥੀ ਸਹੀ ਢੰਗ ਨਾਲ ਕੰਟੀਨ ਅੰਦਰ ਬੈਠਣ, ਖੀਣ-ਪੀਣ ਦਾ ਸਲੀਕਾ ਰੱਖਣਾ।
3. ਕੰਟੀਨ ਵਿੱਚ ਉੱਚੀ-2 ਬੋਲਣ ਦੀ ਮਨਾਹੀ ਹੈ।
4. ਕਾਲਜ ਸਾਦਾ ਖਾਣੇ ਨੂੰ ਹੀ ਤਰਜ਼ੀਹ ਦੇਂਦਾ ਹੈ।
5. ਵਿਦਿਆਰਥੀ/ਅਧਿਆਪਕ ਕਾਲਜ ਕੈਂਪਸ ਵਿੱਚ ਵਰਜਿਤ ਕਿਸੇ ਵੀ ਵਸਤੂ ਦਾ ਸੇਵਨ ਕੰਟੀਨ ਵਿੱਚ ਨਹੀਂ ਕਰ ਸਕਦੇ।
6. ਲੋੜ ਪੈਣ ਜਾਂ ਵਿਸ਼ੇਸ ਹਾਲਾਤਾਂ ਦੇ ਮੱਦੇਨਜ਼ਰ ਕੰਟੀਨ ਖੋਲੀ ਜਾ ਬੰਦ ਰੱਖੀ ਜਾ ਸਕਦੀ ਹੈ।
7. ਕੰਟੀਨ ਦੇ ਸਮਾਨ ਦੀ ਗੁਣਵੱਤਾ ਚੈਕ ਕਰਨ ਲਈ ਨਾਮਜ਼ਦ ਕਮੇਟੀ ਕਿਸੇ ਵੀ ਸਮੇਂ ਚੈਕਿੰਗ ਕਰ ਸਕਦੀ ਹੈ।
8. ਕੰਟੀਨ ਦੀਆਂ ਵਸਤਾਂ ਵਾਜਬ ਰੇਟਾਂ ਤੇ ਮਿਲਦੀਆਂ ਹਨ।ਅਜਿਹੀ ਉਲਘੰਣਾ ਦੀ ਸੂਰਤ ਵਿੱਚ ਕਮੇਟੀ ਨੂੰ ਲਿਖਤੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ।
9. ਬਿਨਾਂ ਕਿਸੇ ਵਿਸ਼ੇਸ਼ ਲੋੜ ਦੇ ਕੰਟੀਨ ਵਿੱਚ ਬੈਠਣ ਦੀ ਮਨਾਹੀ ਹੈ।

# ਔਰਤ ਕਰਮਚਾਰੀਆਂ/ਅਧਿਕਾਰੀਆਂ ਅਤੇ ਵਿਦਿਆਰਥਣਾਂ ਲਈ ਵਿਸ਼ੇਸ਼ ਨਿਯਮ :-

ਸੰਸਥਾ ਆਪਣੇ ਅਧੀਨ ਕੰਮ ਕਰਦੀਆਂ ਕਰਮਚਾਰਨਾਂ/ਔਰਤਾਂ ਅਧਿਕਾਰੀਆਂ ਅਤੇ ਵਿਦਿਆਰਥਣਾਂ ਦੀ ਸਮਾਜਿਕ ਤੇ ਮਾਨਸਿਕ ਸੁਰੱਖਿਆ ਦਾ ਜ਼ੁੰਮਾ ਚੁੱਕਦੀ ਹੈ। ਇਸੇ ਅਧੀਨ ਪ੍ਰਬੰਧਕ ਕਮੇਟੀ ਵਲੋਂ ਨਿਯਮ ਬਣਾਏ ਅਤੇ ਪ੍ਰਿੰਸੀਪਲ ਵੱਲੋਂ ਲਾਗੂ ਕੀਤੇ ਜਾਂਦੇ ਹਨ।

1. ਕੋਈ ਵੀ ਵਿਦਿਆਰਥਣਾਂ ਕਾਲਜ ਸਮੇਂ 9 ਤੋਂ ਪਹਿਲਾਂ ਅਤੇ 3 ਤੋਂ ਬਾਅਦ ਕਾਲਜ ਕੈਂਪਸ ਵਿੱਚ ਹਾਜ਼ਰ ਨਹੀਂ ਰਹਿ ਸਕਦੀ।
2. ਵਿਸ਼ੇਸ ਹਾਲਤਾਂ/ਛੁੱਟੀ ਵਾਲੇ ਦਿਨ ਵਿਦਿਆਰਥਣਾਂ ਕੇਵਲ ਔਰਤ ਕਰਮਚਾਰੀ ਜਾਂ ਅਧਿਆਪਕਾ ਦੀ ਹਾਜ਼ਰੀ ਵਿੱਚ ਹੀ ਕਾਲਜ ਕੈਂਪਸ ਵਿਖੇ ਠਹਿਰ/ਆ ਸਕਦੀਆਂ ਹਨ।
3. ਵਿਦਿਆਰਥਣਾਂ ਦੇ ਕਿਸੇ ਸਮਾਗਮ ਵਿੱਚ ਹਾਜ਼ਰ ਹੋਣ ਤੇ ਲੇਟ ਹੋਣ ਦੀ ਸੂਰਤ ਵਿੱਚ ਕਿਸੇ ਕਰਮਚਾਰਨ/ਅਧਿਆਪਕਾ ਨੂੰ ਉਸਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਜਾਂ ਤਾਂ ਕਾਲਜ ਵਿਖੇ ਹਾਜ਼ਰ ਰਹਿਣਾ ਪਵੇਗਾ/ਜਾਂ ਘਰ ਤੱਕ ਛੱਡ ਕੇ ਆਉਣਾ ਪਵੇਗਾ। ਵਿਸ਼ੇਸ਼ ਹਾਲਤਾਂ ਵਿੱਚ ਮਾਪਿਆਂ ਤੱਕ ਦੀ ਸਪੁਰਦਗੀ ਲਈ ਵੀ ਸਬੰਧਤ ਕਰਮਚਾਰਨ/ਅਧਿਆਪਕਾ ਹੀ ਜ਼ਿੰਮੇਵਾਰ ਹੋਵੇਗੀ।
4. ਯੁਵਕ ਮੇਲੇ/ਖੇਡਾਂ/ਐਨ.ਸੀ.ਸੀ/ਐਨ.ਐਸ.ਐਸ ਦੇ ਕਾਲਜ ਤੋਂ ਬਾਹਰ ਹੁੰਦੇ ਪ੍ਰੋਗ੍ਰਾਮਾਂ ਵਿੱਚ ਅਧਿਆਪਕਾ/ਕਰਮਚਾਰਨ ਦੀ ਨਾਲ ਜਾਣਾ ਅਤਿ ਜ਼ਰੂਰੀ ਹੈ।
5. ਕੋਈ ਵੀ ਕਰਮਚਾਰਨ/ਅਧਿਆਪਕਾ ਛੁੱਟੀ ਵਾਲੇ ਦਿਨ ਜਾਂ ਕਾਲਜ ਸਮੇਂ ਤੋਂ ਬਾਅਦ ਜਾਂ ਖਾਲੀ ਇਮਾਰਤ ਵਿੱਚ ਨਹੀਂ ਰੁਕੇਗੀ।
6. ਕਾਲਜ ਦੇ ਕਿਸੇ ਵਿਸ਼ੇਸ ਕੰਮ ਲਈ ਜਾਣ ਵੇਲੇ ਦੋ ਅਧਿਆਪਕਾਵਾਂ ਦਾ ਜਾਣਾ ਯਕੀਨੀ ਬਣਾਉਣ ਲਈ ਪ੍ਰਿੰਸੀਪਲ ਫੈਸਲਾ ਲੈ ਸਕਦੇ ਹਨ।
7. ਅਪਾਤਕਲੀਨ ਕਾਲ ਵਿੱਚ ਕਾਲਜ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਨੂੰ ਫੋਨ ਕਾਲ ਕਰਨ ਦੀ ਸਹੂਲਤ ਹੈ। ਇਹ ਫੋਨ ਨੰਬਰ ਕਾਲਜ ਦੀ ਵੈਬ ਸਾਈਟ ਉਪਲਬਧ ਹਨ।